# ਧੁੰਦ ’ਚ ਠਹਿਰੀ ਕਵਿਤਾ

# ਧੁੰਦ 'ਚ ਠਹਿਰੀ ਕਵਿਤਾ

ਪ੍ਰਕਾਸ਼

*Poetry/Punjabi Poetry*

# Dhund 'ch Thehri Kavita


*By*

**Parkash**
59, Saravmangal Tribune Society
Lohgarh Road, Zirakpur-140603
Distt. Mohali (Punjab)
Mob : 098155-51809
Email : pashazad@hotmail.com
rituparkash@yahoo.co.in

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



ਆਪਣੀ ਰਿਤੂ....

ਹਰਚਰਨ ਦੇ ਨਾਂ

# ਮੇਰੇ ਵੱਲੋਂ

ਮੇਰੇ ਲਈ ਕਵਿਤਾ ਕਹਿਣੀ ਕੋਈ ਮਜਬੂਰੀ ਨਹੀਂ, ਬਸ ਸ਼ੌਕ ਹੈ ਤੇ ਕਦੀ ਕਦਾਈਂ ਕਵਿਤਾ ਕਹਿ ਲੈਂਦਾ ਹਾਂ। ਜ਼ਿਆਦਾਤਰ ਹਿੰਦੀ ਅਖਬਾਰਾਂ 'ਚ ਕੰਮ ਕਰਨ ਕਰਕੇ ਕਵਿਤਾ ਹਿੰਦੀ ਵਿਚ ਲਿਖਣੀ ਸ਼ੁਰੂ ਕੀਤੀ। ਹਿੰਦੀ ਦੀ ਕਵਿਤਾ ਨੂੰ ਪੰਜਾਬੀ 'ਚ ਕਹਿਣਾ ਮੇਰੇ ਲਈ ਕੋਈ ਮੁਸ਼ਕਿਲ ਨਹੀਂ ਸੀ।

ਕਿਤਾਬ ਮੈਂ ਸ਼ਾਇਦ ਕਾਫੀ ਅਰਸਾ ਪਹਿਲਾਂ ਛਪਵਾ ਲੈਂਦਾ ਪਰ ਪਤਾ ਨਹੀਂ ਕਿਉਂ ਦਿਲ ਹੀ ਨਹੀਂ ਕੀਤਾ। ਅਖਬਾਰਾਂ 'ਚ ਮੇਰੇ ਕਾਲਮ ਵੀ ਛਪਦੇ ਰਹੇ, ਪਰ ਉਨ੍ਹਾਂ ਨੂੰ ਕਿਤਾਬੀ ਰੂਪ ਦੇਣ ਦੀ ਕਦੀ ਲਾਲਸਾ ਨਹੀਂ ਹੋਈ। ਕਾਰਨ ਸਿਰਫ ਇਹ ਸੀ ਕਿ ਜਦ ਅਖਬਾਰਾਂ ਦੇ ਹਜ਼ਾਰਾਂ ਪਾਠਕਾਂ ਨੇ ਮੇਰਾ ਲਿਖਿਆ ਪੜ੍ਹ ਲਿਆ ਤੇ ਹੁਣ ਫੇਰ ਕਿਤਾਬ ਛਪਵਾਣ ਦੀ ਕੀ ਲੋੜ ਹੈ। ਇਹ ਮੇਰਾ ਵਿਚਾਰ ਸੀ ਪਰ ਲੋਕ ਮੇਰੇ ਨਾਲ ਅਜੇ ਵੀ ਸਹਿਮਤ ਨਹੀਂ ਹਨ।

ਇਹ ਕਿਤਾਬ ਮੈਂ ਆਪਣੀ ਬੱਚਿਆਂ ਦੀ ਹੱਲਾਸ਼ੇਰੀ ਦੇਣ 'ਤੇ .... ਨਹੀਂ ਬਲਕਿ ਜ਼ੋਰ ਪਾਣ 'ਤੇ ਘਰ ਦੀਆਂ ਨੁਕਰਾਂ ਫੋਲ੍ਹ ਕੇ ਜਿਹੜੀਆਂ ਵੀ ਨਜ਼ਮਾਂ ਮੈਨੂੰ ਮਿਲੀਆਂ ਉਹ ਪੇਸ਼ ਕਰ ਰਿਹਾ ਹਾਂ।

ਅਜੇ ਬੜੀਆਂ ਨਜ਼ਮਾਂ ਲਭ ਨਹੀਂ ਰਹੀਆਂ।

ਮੈਨੂੰ ਉਮੀਦ ਹੈ ਕਿ ਪੇਸ਼ ਕੀਤੀਆਂ ਜਾ ਰਹੀਆਂ ਨਜ਼ਮਾਂ ਤੁਹਾਨੂੰ ਪਸੰਦ ਆਣਗੀਆਂ।

ਮੇਰੇ ਲਈ ਚਿੱਤਰਕਾਰੀ ਤੋਂ ਅਲਾਵਾ ਮੈਂ ਕਿਸੇ ਹੋਰ ਭਾਸ਼ਾ ਨੂੰ ਸਮਝਣ ਦਾ ਵਕਤ ਹੀ ਨਹੀਂ ਸੀ ਮਿਲਿਆ, ਪਰ ਕਵਿਤਾ ਦੇ ਸਿਲਸਿਲੇ 'ਚ ਮੇਰੇ ਪਿਤਾ ਸ੍ਰੀ ਅਵਤਾਰ ਸਿੰਘ ਆਜ਼ਾਦ ਤੋਂ ਬਾਅਦ ਬੜੇ ਲੋਕ ਮਿਲਦੇ ਗਏ, ਜਿਹੜੇ ਮੈਨੂੰ ਜ਼ਿੰਦਗੀ ਦੇ ਕਈ ਪਹਿਲੂਆਂ ਤੋਂ ਵਾਕਫ ਕਰਾਂਦੇ ਗਏ ।

ਜੇ ਹੁਣ ਮੈਂ ਸਾਰਿਆਂ ਦੇ ਨਾਂ ਲਵਾਂ ਤਾਂ ਕਿਤਾਬ ਨਾਵਾਂ ਨਾਲ ਹੀ ਭਰ ਜਾਏਗੀ। ਪਰ, ਜ਼ਿੰਦਗੀ ਨੇ ਮੈਨੂੰ ਇਹੋ ਜਿਹੇ ਕਿਰਦਾਰ ਦਿਤੇ ਕਿ ਜਿਨ੍ਹਾਂ ਨੇ ਮੇਰੀ ਜ਼ਿੰਦਗੀ ਦੇ ਕਈ ਪਹਿਲੂ ਬਦਲ ਕੇ ਰੱਖ ਦਿੱਤੇ। ਇਸ ਤੋਂ ਬਾਅਦ ਹੋਰ ਕੁਝ ਨਹੀਂ ਕਹਿਣਾ, ਬਾਕੀ ਮੇਰੀ ਕਵਿਤਾ ਕਹੇਗੀ।

# ਕਵਿਤਾ ਦਾ ਆਗਮਨ

ਪ੍ਰਕਾਸ਼ : ਇਕ ਕਲਾਕਾਰ-ਆਰਟਿਸਟ-ਸ਼ਾਇਰ। ਜੀਹਦੇ ਬਣਾਏ ਰੇਖਾ-ਚਿੱਤਰ ਲਗਭਗ ਚਾਰ ਦਹਾਕੇ ਪੰਜਾਬ ਦੇ ਵੱਖ ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਦਾ ਸ਼ਿੰਗਾਰ ਬਣਦੇ ਰਹੇ ਹਨ। ਰੇਖਾ ਚਿੱਤਰ ਉਲੀਕਦਿਆਂ ਉਹ ਕਾਵਿ-ਚਿੱਤਰ ਸਿਰਜਦਾ ਹੈ। ਮਹਿਬੂਬਾ ਵਾਂਗ ਕਵਿਤਾ ਨੂੰ ਉਹ ਆਪਣੀ ਹਿੱਕ ਨਾਲ ਲਾਈ ਰੱਖਦਾ ਹੈ। ਇਸੇ ਅਵਸਥਾ ਵਿਚੋਂ ਪੈਦਾ ਹੋਇਆ ਉਸ ਦਾ ਇਹ ਕਾਵਿ-ਸੰਗ੍ਰਹਿ 'ਧੁੰਦ' ਚ ਠਹਿਰੀ ਕਵਿਤਾ ਹੈ। ਜੋ ਕੁਝ ਵੀ ਅਸੁਖਾਵਾਂ ਉਹਦੇ ਗਿਰਦ ਵਾਪਰਦਾ ਹੈ। ਉਹਦੇ ਸ਼ਾਇਰ ਮਨ ਲਈ ਅਸਹਿ ਹੈ। ਕੋਮਲ-ਭਾਵੀ ਪ੍ਰਕਾਸ਼ ਵਿਲਕਦੀਆਂ ਲਕੀਰਾਂ ਵਾਹੁੰਦਾ ਹੈ ਅਤੇ ਡੁਸਕਦੀਆਂ ਨਜ਼ਮਾਂ ਲਿਖਦਾ ਹੈ। ਕਿਸਾਨਾਂ ਦੀ ਮੌਸਮ ਅਤੇ ਸਰਕਾਰ ਵਲੋਂ ਮਾਰ ਬਾਰੇ ਉਹ ਚਿੰਤਿਤ ਹੈ:

ਪਤਾ ਨਹੀਂ
ਕੀ ਹੋ ਰਿਹਾ ਏ
ਪੱਟਾਂ 'ਤੇ ਮੋਰਨੀਆਂ ਪਾਵਾਂ
ਥਾਪੀਆਂ ਮਾਰ
ਲੁੱਡੀਆਂ ਪਾਣ ਵਾਲਾ
ਖੇਤ ਬੰਨੇ
ਬੈਠਾ ਰੋ ਰਿਹਾ ਏ
ਪਤਾ ਨਹੀਂ
ਕੀ ਹੋ ਰਿਹਾ ਏ!

ਔਰਤਾਂ ਉੱਪਰ ਹੋ ਰਹੇ ਅਤਿਆਚਾਰ, ਖਾਸ ਕਰ ਭਰੂਣ ਹੱਤਿਆ ਬਾਰੇ ਉਹ ਬੇਅੰਤ ਦੁਖੀ ਹੈ। ਮਾਂ, ਮਹਿਬੂਬਾ, ਭੈਣ, ਧੀ, ਪਤਨੀ ਜਿਹੇ ਮੋਹ ਭਿੱਜੇ ਪਾਰਦਰਸ਼ੀ ਰਿਸ਼ਤਿਆਂ ਵਿਚੋਂ ਗੁਜਰਦਿਆਂ ਵਰਤਮਾਨ ਦੀਆਂ ਭੈਂਗੀਆਂ ਅੱਖਾਂ ਵਿੱਚ ਉਹ ਦਲੇਰੀ ਨਾਲ ਝਾਕਦਾ ਹੋਇਆ ਇਕ ਵੰਗਾਰ ਬਣ ਖਲੋਂਦਾ ਹੈ।

ਜੇ ਚਿੜੀਆਂ ਨਾ ਹੋਈਆਂ
ਤਾਂ ਪੋਤਰੀਆਂ ਕਿਵੇਂ ਖੇਡਣਗੀਆਂ ?
... ...
ਕੁਝ ਔਰਤਾਂ
ਪਤਾ ਨਹੀਂ ਕਿਹੋ ਜਿਹੀਆਂ
ਮਾਵਾਂ ਬਣ ਜਾਂਦੀਆਂ ਨੇ
ਆਪਣੀ ਕੁੱਖ ਦਾ ਕਤਲ
ਕਰਨ ਲਈ
ਕਿਵੇਂ ਤਿਆਰ ਹੋ ਜਾਂਦੀਆਂ ਨੇ ...

ਪਿਆਰ ਜਿਹੇ ਸੂਖਮ ਭਾਵ ਉਲੀਕਦਿਆਂ ਉਹ ਪਾਰੇ ਵਾਂਗ ਤੜਪਦਾ ਹੈ।

ਮੈਂ ਤਾਂ ਤੁਰਦਾ ਹੀ ਗਿਆ
ਤੁਰਦਿਆਂ ਕਦੀ
ਬਰਫ਼ ਬਣ ਜੰਮ ਜਾਂਦਾ
ਤੇ ਇੰਤਜ਼ਾਰ ਕਰਦਾ
ਤੂੰ ਆਵੇਂਗੀ
ਮੈਨੂੰ ਬੁਲਾਏਂਗੀ
ਤੇਰੀ ਛੋਹ ਪਾ
ਮੈਂ ਪਿਘਲ ਜਾਵਾਂਗਾ
ਫਿਰ ਤੇਰੇ ਨਾਲ
ਪਾਣੀ ਬਣ
ਪੱਥਰਾਂ 'ਚ ਤਿਲਕ ਜਾਵਾਂਗਾ
ਦਰਿਆ ਕਹਾਵਾਂਗਾ....

ਆਪਣੀ ਪਤਨੀ ਰਿਤੂ ਉਰਫ਼ ਹਰਚਰਨ ਲਈ ਅਜੇ ਵੀ ਉਹ ਸੋਲਾਂ ਵਰ੍ਹਿਆਂ ਦਾ ਗਭਰੇਟ 'ਰਾਜ' ਹੀ ਹੈ। ਉਹਨੂੰ ਲੱਗਦਾ ਹੈ ਕਿ ਉਹਦੀ ਮਾਂ ਜੋ ਉਹਨੂੰ ਕੁਝ ਬਣਦਾ ਨਾ ਵੇਖ ਸਕੀ ਅਤੇ ਛੇਤੀ ਹੀ ਅਗੰਮੀ ਰਾਹੇ ਟੁਰ ਗਈ, ਉਹ ਵੀ ਉਸਨੂੰ ਰਿਤੂ ਹਵਾਲੇ ਕਰ ਗਈ ਹੈ ਤਾਂ ਜੋ ਉਹ ਉਵੇਂ ਹੀ ਉਹਦੇ ਵਰਗੀ ਸੁੱਚਜੀ ਸਾਂਭ ਸੰਭਾਲ ਹੇਠ ਰਹੇ। 'ਰਿਤੂ' ਅਤੇ ਲੰਮਾ ਸੁਪਨਾ ਵਿੱਚ ਇਹ ਭਾਵ ਵੇਖੇ ਜਾ ਸਕਦੇ ਹਨ।

ਦੁਨੀਆਂ ਮਿਲੀ ਸੀ ਕਵਿਤਾ ਉਸਨੇ 1984 ਦੇ ਘੱਲੂਘਾਰੇ ਬਾਰੇ ਲਿਖੀ ਹੈ। ਇਹ ਅਜਿਹਾ ਸਮਾਂ ਸੀ ਜਦੋਂ ਪੰਜਾਬ ਦੀ ਧਰਤੀ ਨੇ ਇਕ ਵਾਰ ਫਿਰ 'ਖ਼ੂਨ ਦੇ ਸੋਹਿਲੇ' ਗਏ ਸਨ। ਨਿਰਸੰਦੇਹ ਪ੍ਰਕਾਸ਼ ਜਿਹਾ ਜਜ਼ਬਾਤੀ ਸ਼ਾਇਰ ਇਸ ਕਾਰੇ ਤੋਂ ਅਛੂਤਾ ਨਹੀਂ ਸੀ ਰਹਿ ਸਕਦਾ।

ਪ੍ਰਕਾਸ਼ ਨੂੰ ਲੋਕਾਂ ਦੇ ਬੇਥਵ੍ਹੇ-ਪਣ ਉੱਪਰ ਵੀ ਗ਼ਿਲਾ ਹੈ। ਉਹ ਆਪਣੇ ਵਿਰਸੇ ਬਾਰੇ ਗੱਲਾਂ ਕਰਨੀਆਂ ਚਾਹੁੰਦਾ ਹੈ। ਉਹ ਬਚਪਨ ਦੀਆਂ ਖੇਡਾਂ ਯਾਦ ਕਰਨੀਆਂ ਚਾਹੁੰਦਾ ਹੈ। ਖ਼ੂਨ-ਖਰਾਬਾ ਅਤੇ ਕਤਲੋ-ਗ਼ਾਰਤ ਬਾਰੇ ਉਹ ਸੋਚਣਾ ਵੀ ਨਹੀਂ ਚਾਹੁੰਦਾ। ਕਿਸੇ ਅਖੌਤੀ ਵਿਦਰੋਹ ਬਾਰੇ ਤਾਂ ਉਹ ਚਿਤਵਣਾ ਵੀ ਨਹੀਂ ਚਾਹੁੰਦਾ। ਏਸੇ ਲਈ ਉਹ ਲਿਖਦਾ ਹੈ :

ਚੱਲ ਗੱਲ ਕਰੀਏ
ਆਪਣੇ ਅਤੇ ਗ਼ੈਰਾਂ ਦੀ
ਜਾਂ ਢੋਲ ਦੀ ਥਾਪ 'ਤੇ
ਥਿਰਕਦੇ ਪੈਰਾਂ ਦੀ
ਜਾਂ ਗੱਲ ਕਰੀਏ

ਵਿਸਾਖੀ ਜਿਹੇ ਤਿਉਹਾਰਾਂ ਦੀ
ਗੱਲ ਕਰੀਏ ਦਿਲ ਖੋਲ੍ਹ ਦੇ
ਆਪਸ 'ਚ ਕੱਢੀਆਂ ਗਾਲਾਂ ਦੀ
ਜਾਂ ਕਸ਼ਮਕਸ਼ 'ਚ ਗੁਜ਼ਾਰੇ ਸਾਲਾਂ ਦੀ।
ਤੂੰ ਮੈਨੂੰ ਕੁਝ ਅਫ਼ਸਾਨੇ ਸੁਣਾਵੇਂ
ਜ਼ਿੰਦਗੀ ਜੀਣ ਦੇ ਬਹਾਨੇ ਸਿਖਾਵੇਂ।

ਇਸ ਸੰਗ੍ਰਹਿ ਵਿੱਚ ਕੇਵਲ ਇਕੋ ਇਕ ਗੀਤ ਹੈ। ਇਹ ਗੀਤ 'ਪ੍ਰਦੇਸੀ ਟੁਰ ਗਏ' ਮਾਹੀ ਬਾਰੇ ਹੈ, ਜੀਹਦੀ ਯਾਦ ਇਕ ਟੀਸ ਬਣਕੇ ਸੀਨੇ ਵਿੱਚ ਟਸਕਦੀ ਹੈ। ਸ਼ਾਇਦ ਇਹ ਹੇਰਵਾ ਜਾਂ ਟਸਕ ਦਾ ਨਿੱਜੀ ਅਹਿਸਾਸ ਉਸਨੂੰ ਹੈ ਭਾਵੇਂ ਇਹ ਮਾਹੀ ਉਸਦਾ ਪੁੱਤਰ ਹੀ ਕਿਉਂ ਨਾ ਹੋਵੇ। ਦੇਖੋ ਮਾਹੀ ਦਾ ਦੁੱਖੜਾ:

ਆਪਣੇ ਹੱਥੀਂ ਤੋਰ ਦੇ ਸੱਜਣਾ
ਕਿਸਮਤ ਕਰ ਲਈ ਖੋਟੀ
ਔਂਸੀਆਂ ਪਾਂਦੀ-ਪਾਂਦੀ ਨੂੰ ਹੁਣ
ਧਰਤੀ ਜਾਪੇ ਛੋਟੀ
ਤੂੰ ਮੇਰਾ ਸਿਰਤਾਜ ਵੇ ਸੱਜਣਾ
ਤੂੰਹੀਓਂ ਕੋਹਿਨੂਰ
ਚੰਦ ਟਕਿਆਂ ਦੀ ਖਾਤਰ ਸੱਜਣਾ
ਕਾਹਤੋਂ ਹੋਇਓਂ ਦੂਰ

ਮੈਨੂੰ ਇੰਜ ਲੱਗਦਾ ਹੈ ਕਿ ਇਹ ਕਾਵਿ-ਸੰਗ੍ਰਹਿ 'ਧੁੰਦ ਵਿੱਚ ਠਹਿਰੀ ਕਵਿਤਾ' ਪ੍ਰਕਾਸ਼ ਦੀ ਸੈ-ਜੀਵਨੀ ਹੀ ਹੈ। ਇਸ ਵਿੱਚ ਉਸਦੇ ਆਪੇ ਨਾਲ ਰਚਾਏ ਮਾਨੋ-ਲਾਗ ਹਨ। ਅਤ੍ਰਿਪਤ ਆਸਾਂ ਮਨ ਵਿਚ ਲੈ ਕੇ ਕਾਹਲੀ ਕਾਹਲੀ ਟੁਰ ਗਈ ਮਾਂ ਲਈ ਤੜਪ ਹੈ। ਮਹਾਨ ਸ਼ਾਇਰ ਅਵਤਾਰ ਸਿੰਘ ਆਜ਼ਾਦ ਦੇ ਪੁੱਤਰ ਪ੍ਰਕਾਸ਼ ਨੇ ਆਖਰ ਸ਼ਾਇਰ ਹੀ ਬਣਨਾ ਸੀ... ਕਲਾਕਾਰ।

ਉਸਦਾ ਕਾਵਿ ਸੰਗ੍ਰਹਿ 'ਧੁੰਦ ਵਿਚ ਠਹਿਰੀ ਕਵਿਤਾ' ਦਾ ਸੁਆਗਤ ਹੈ।

ਮਨਜੀਤ ਇੰਦਰਾ
# 536 ਗੋਬਿੰਦ ਨਗਰ
ਕੋਰੜਾਂ ਰੋਡ, ਨਯਾ ਗਾਓਂ, ਚੰਡੀਗੜ੍ਹ

# ਤਤਕਰਾ


| | | |
|---|---|---|
| ➢ | ਪਤਾ ਨਹੀਂ ਕਿਉਂ | 13 |
| ➢ | ਲਹਿਰਾਂ | 15 |
| ➢ | ਖਾਲੀ ਕਾਗਜ਼ | 17 |
| ➢ | ਅੱਗ ਹੱਥਾਂ 'ਚ ਹੋਵੇ | 19 |
| ➢ | ਪਤਾ ਨਹੀਂ | 21 |
| ➢ | ਸਮੇਂ ਦੀ ਕਰਵਟ | 22 |
| ➢ | ਲਹਿਰਾਂ ਦੇ ਹੱਥ | 23 |
| ➢ | ਫੁੱਲ ਤੋੜਨਾ ਮਨ੍ਹਾ ਹੈ | 24 |
| ➢ | ਮੇਲਾ | 25 |
| ➢ | ਸੋਚਿਆ ਸੀ ਕਦੀ | 27 |
| ➢ | ਖਾਲੀਪਨ | 29 |
| ➢ | ਪਤਾ ਨਹੀਂ ਕਿਉਂ | 30 |
| ➢ | ਹਾਲਾਤ | 31 |
| ➢ | ਮਸੀਹਾ | 32 |
| ➢ | ਠਹਿਰਿਆ ਪੱਥਰ | 33 |
| ➢ | ਕਿਸਾਨ | 36 |
| ➢ | ਅਲਵਿਦਾ | 37 |
| ➢ | ਕਈ ਸੂਰਜ | 38 |
| ➢ | ਜਸ਼ਨ ਮਨਾਈਏ | 40 |
| ➢ | ਉੱਡਦਾ ਖਿਆਲ | 42 |
| ➢ | ਦੋ ਪੱਥਰ | 44 |
| ➢ | ਜ਼ਿੰਦਗੀ 'ਚ ਇਕ ਹੋਰ | 46 |
| ➢ | ਦਰਵਾਜ਼ੇ | 48 |
| ➢ | ਆਵਾਰਗੀ | 52 |
| ➢ | ਦੁਨੀਆਂ ਮਿਲੀ ਸੀ | 54 |
| ➢ | ਗੀਤ | 57 |
| ➢ | ਕੌਣ ਚੰਗਾ ਏ | 59 |
| ➢ | ਕਿਹੋ ਜਿਹਾ ਸਫਰ | 61 |

➢ ਮੈਂ ਦਰਿਆ 63
➢ ਸੋਚ 64
➢ ਜਾਗਦੀਆਂ ਅੱਖਾਂ ਦਾ ਸੁਪਨਾ 65
➢ ਥੋੜ੍ਹੀ ਦੂਰ ਹੋਰ ਚੱਲੀਏ 67
➢ ਸਭ ਕੁਝ ਹੋਵੇਂ 71
➢ ਪਿਆਰ ਕਰੀਏ 72
➢ ਮੇਲਾ ਵੈਸਾਖੀ ਦਾ? 73
➢ ਸਮੁੰਦਰ ਬਣ ਜਾਈਏ 76
➢ ਖਾਮੋਸ਼ ਚਿਹਰੇ 77
➢ ਇਨਕਲਾਬ 79
➢ ਮੇਰੀ ਰਿਤੂ 81
➢ ਮਿਲਣ ਆਵਾਂਗਾ 88
➢ ਜਾਨ ਤਲੀ 'ਤੇ 91
➢ ਚਲੋ ਦੇਖੀ ਜਾਏਗੀ 93
➢ ਲੰਮਾ ਸੁਪਨਾ 96
➢ ਗੱਲ ਕਰੀਏ 98
➢ ਬਾਬਲਾ ਵੇ 100

## ਪਤਾ ਨਹੀਂ ਕਿਉਂ

ਪਤਾ ਨਹੀਂ ਕਿਉਂ
ਜਦੋਂ ਵਕਤ
ਬਦਲ ਜਾਂਦਾ ਹੈ
ਕੋਈ ਬਿਰਹਾ ਦਾ ਗੀਤ
ਗਾਂਦਾ ਗਾਂਦਾ
ਨੱਚਣ ਲਗ ਜਾਂਦਾ ਹੈ
ਸ਼ਾਇਦ ਪਗਲਾ ਗਿਆ ਹੋਵੇ
ਪਰ ਇਹੋ ਜਿਹਾ ਵੀ
ਕੁਝ ਨਹੀਂ
ਸਿਰਫ ਵਕਤ ਬਦਲ ਗਿਆ

ਕਈ ਵਾਰ
ਇਸ ਤਰ੍ਹਾਂ ਵੀ ਹੋਇਆ
ਹੱਸਦਾ ਹੱਸਦਾ ਬੰਦਾ
ਜ਼ਾਰ ਜ਼ਾਰ ਰੋਇਆ
ਕੁਝ ਤਾਂ ਲੋਕਾਂ ਨੂੰ
ਖੁਸ਼ ਕਰਦੇ ਰਹੇ
ਪਰ, ਬਾਅਦ 'ਚ ਲਗਾ ਪਤਾ
ਉਸਦੇ ਆਪਣੇ ਘਰ 'ਚ
ਕੋਈ ਆਪਣਾ
ਉਸਦਾ ਇਤਜ਼ਾਰ ਕਰਦਾ
ਸਿਰਫ ਚੁੱਪ ਹੋਇਆ ਹੈ
ਨਾ ਕਿ ਮੋਇਆ ਹੈ


ਪਤਾ ਨਹੀਂ ਕਿਉਂ
ਵਕਤ ਅਜੀਬ ਜਿਹੀ
ਕਰਵਟ ਲੈਂਦਾ ਹੈ
ਹੱਥ 'ਚ ਫੜੇ ਗੁਲਦਸਤੇ ਦੀ
ਖੁਸ਼ਬੂ ਮਰ ਜਾਂਦੀ ਏ

ਫੁੱਲ, ਪਹਿਲਾਂ ਟਹਿਕਦੇ ਨੇ
ਮਹਿਕਦੇ ਨੇ
ਫਿਰ ਮਰ ਜਾਂਦੇ ਨੇ
ਤੇ ਕਈ ਵਾਰੀ
ਕਿਸੇ ਇਕ ਨੂੰ
ਇਕਲਿਆਂ ਕਰ ਜਾਂਦੇ ਨੇ
ਵਕਤ ਵੀ ਬੜੀ
ਸ਼ੈਅ ਏ ਅਜੀਬ
ਕਦੀ ਹਸਾਂਦਾ ਏ
ਕਦੀ ਰੁਲਾਂਦਾ ਏ
ਪਤਾ ਨਹੀਂ ਕਿਉਂ ਤੇ ਕਿਵੇਂ
ਬਦਲ ਜਾਂਦਾ ਏ
ਕਈ ਵਾਰੀ ਤਾਂ
ਕੁਝ ਵੀ ਨਹੀਂ ਕਰਦਾ
ਚੁੱਪਚਾਪ ਨਿਕਲ ਜਾਂਦਾ ਏ

ਇਸ ਤਰਾਂ ਲਗਦਾ ਏ
ਵਕਤ ਜਿਵੇਂ ਕੋਈ ਹੋਵੇ ਬੱਚਾ
ਮੂਡ ਨਹੀਂ ਹੈ ਜਿਸਦਾ ਕੋਈ
ਪਤਾ ਨਹੀਂ ਕਿਸ ਵੇਲੇ
ਕਿਸੇ ਵੀ ਪਾਸੇ
ਜਾਵੇ ਇਹ ਪਰਤ

❖

# ਲਹਿਰਾਂ



ਗਏ ਸੀ ਅਸੀਂ ਦੇਖਣ
ਲਹਿਰਾਂ ਕਿਨਾਰਿਆਂ 'ਤੇ
ਪਟਕਦੀਆਂ ਕਿਵੇਂ ਨੇ ਸਿਰ
ਪਰ ਲਹਿਰਾਂ ਆਈਆਂ
ਉਸ ਦੇ ਪੈਰ ਚੁੰਮ
ਪਰਤ ਗਈਆਂ
ਮੈਂ ਹੈਰਾਨ ਸੀ
ਲਹਿਰਾਂ ਨੂੰ ਅੱਜ
ਆਇਆ ਕਿਉਂ ਨਹੀਂ ਗੁੱਸਾ
ਕਿਉਂ ਉਹ
ਉਸ ਤੋਂ ਸ਼ਰਮਾ ਗਈਆਂ
ਤੇ ਪਰਤ ਗਈਆਂ

ਤੇ ਉਹ
ਪਾਣੀ ਨਾਲ
ਕਰਦੀ ਰਹੀ ਕਲੋਲਾਂ

ਜਦੋਂ ਮੈਂ
ਪਹਿਲੀ ਵਾਰ
ਦੇਖਿਆ ਸੀ ਸਮੁੰਦਰ
ਸ਼ਾਂਤ ਸੀ ਉਹ
ਪਰ ਮੇਰੇ ਅੰਦਰ
ਉਮੜ ਰਿਹਾ ਸੀ
ਇਕ ਤੂਫਾਨ
ਸ਼ਾਇਦ
ਉਸ ਦੀ ਯਾਦ
ਬਾਰ ਬਾਰ
ਦਸਤਕ ਦੇ ਰਹੀ ਸੀ
ਮਨ ਦੇ ਪਥੱਰਾਂ 'ਤੇ
ਤੇ ਮੈਂ
ਕਿੰਨਾ ਇਕਲਾ
ਮਹਿਸੂਸ ਕਰ ਰਿਹਾ ਸੀ
ਇਹ ਤਾਂ ਮੈਂ
ਸੋਚਿਆ ਸੀ ਉਸ ਵਕਤ
ਕੋਈ ਛਲ ਆਵੇ
ਤੇ ਆਪਣੇ ਛਆਵੇ 'ਚ
ਲਪੇਟ ਕੇ ਲੈ ਜਾਵੇ
ਪਰ.....
ਸਮੁੰਦਰ ਸ਼ਾਂਤ ਸੀ
ਤੇ ਮੈਂ ਸੀ ਇਕਲਾ।

# ਖਾਲੀ ਕਾਗਜ਼

ਮੈਂ ਕਈ ਵਾਰ
ਖਾਲੀ ਸਫੇ ਉਤੇ
ਕੁਝ ਲਿਖਣ ਦੀ
ਕੋਸ਼ਿਸ਼ ਕਰਨੀ ਚਾਹੀ
ਤਾਂ ਤੂੰ
ਮੇਰੇ ਸਾਹਮਣੇ ਖੜੀ ਸੀ
ਇਹ ਸੋਚ
ਕਾਗਜ਼ ਤਹਿ ਕਰ
ਕਾਪੀ 'ਚ ਰੱਖ ਤਾ
ਚਲੋ ਫਿਰ ਸਹੀ
ਪਰ ਜਦੋਂ ਮੈਂ
ਦੁਬਾਰਾ
ਕਾਗਜ਼ ਦੀਆਂ ਤਹਿਆਂ
ਖੋਲੀਆਂ ਤਾਂ
ਮੈਂ ਪਾਇਆ ਕਿ ਤੂੰ
ਉਨ੍ਹਾਂ ਤਹਿਆਂ 'ਤੇ
ਲੇਟੀ ਹੋਈ
ਲੰਮੇ ਸਾਹ ਲੈ ਰਹੀ ਸੀ
ਮੈਂ ਫਿਰ ਕਾਗਜ਼
ਤਹਿ ਕਰਨਾ ਚਾਹਿਆ
ਤਾਂ ਤੂੰ ਮੈਨੂੰ ਰੋਕ ਦਿਤਾ
ਤੇ ਮੈਂ ਸੋਚਦਾ ਰਿਹਾ
ਕਿ ਮੇਰੇ ਸ਼ਬਦ
ਪਤਾ ਨਹੀਂ ਕਿਉਂ
ਗੁਆਚ ਗਏ ਨੇ
ਅਜੇ ਮੈਂ ਇਸੇ ਹੀ
ਉਧੇੜ ਬੁਨ 'ਚ ਸੀ ਕਿ ਤੂੰ
ਹਵਾ 'ਚ ਉਡਣ ਲਗ ਪਈ
ਤੇ ਮੈਂ ਪਤਾ ਨਹੀਂ

ਕਿਸ ਮਦਹੋਸ਼ੀ 'ਚ
ਬੁੜ ਬੁੜਾਂਦਾ ਰਿਹਾ
ਤੇ ਫਿਰ
ਇਕ ਲੰਮੀ ਨੀਂਦ ਸੌਂ ਗਿਆ
ਜਦੋਂ ਅੱਖ ਮੇਰੀ ਖੁੱਲੀ ਤਾਂ
ਮੇਰਾ ਸਿਰ
ਤੇਰੀ ਗੋਦ 'ਚ ਸੀ
ਇਸ ਤੋਂ ਬਾਅਦ
ਮੈਂ ਕਾਗਜ਼ ਦੇਖਿਆ ਸੀ
ਹਵਾ 'ਚ
ਉਡਦਾ ਹੋਇਆ।

# ਅੱਗ ਹੱਥਾਂ 'ਚ ਹੋਵੇ

ਖਾਲੀ ਕਾਗਜ਼ 'ਤੇ
ਆਪਣੇ ਆਪ ਨੂੰ ਸੰਭਾਲਣਾ
ਕਈ ਵਾਰ ਲਗਦਾ ਹੈ ਮੈਨੂੰ
ਸੌਖਾ ਨਹੀਂ ਹੈ ਰਸਤਾ
ਇਹ ਤਾਂ ਹਰ ਵਾਰ ਹੁੰਦਾ ਏ
ਲੱਭਣ ਲਈ ਕੋਈ ਨਵਾਂ ਰਾਹ
ਡਾਂਡੇ ਮੀਂਡੇ ਪੈਂਦਾ ਹੈ ਚੱਲਣਾ

ਜਦੋਂ ਅੱਗ ਹੱਥਾਂ 'ਚ ਹੋਵੇ
ਖ਼ੂਨ ਤਾਂ ਗਰਮ ਹੁੰਦਾ ਈ ਏ
ਤੇ ਇਹ ਵੀ ਜਾਣਦੇ ਨੇ ਉਹ
ਪੁਲਾਂ ਦੇ ਥੱਲਿਓਂ ਪਾਣੀ ਨਹੀਂ
ਪਾਣੀ ਵਾਂਗ ਵਗਣਾ ਏ ਖ਼ੂਨ
ਪਰ...ਪਰ...

ਜਦੋਂ ਖਤਮ ਹੁੰਦਾ ਏ ਜਨੂਨ
ਜਿਹਨ 'ਤੇ
ਬਰਫ ਜਿਹੀ ਜੰਮ ਜਾਂਦੀ ਹੈ
ਜਿਵੇਂ ਸਾਰਾ ਕੁਝ ਠਹਿਰ ਗਿਆ ਹੋਵੇ
ਜਿਵੇਂ ਸੂਰਜ
ਬਰਫ 'ਚ ਗਰਕ ਗਿਆ ਹੋਵੇ

ਤੇ ਫੇਰ ਇਕ ਦਿਨ
ਇਸ ਤਰ੍ਹਾਂ ਲੱਗਣ ਲੱਗ ਪੈਂਦਾ ਹੈ
ਜਿਵੇਂ ਇਹ ਗਰਮ ਲਹੂ ਦਾ ਲਾਵਾ
ਹੋਰ ਕੁਝ ਨਹੀਂ
ਜਿਵੇਂ, ਚਾਹ ਦੀ ਪਿਆਲੀ 'ਚ
ਆਇਆ
ਇਕ ਇਨਕਲਾਬ ਹੋਵੇ।

ਸੁਪਨਾ ਤਾਂ ਫਿਰ
ਸੁਪਨਾ ਹੈ
ਬਣਦਾ ਜਾਂਦਾ ਹੈ
ਜਿਵੇਂ ਕੋਈ
ਦਿਨ ਦਿਹਾੜੇ ਲੁੱਟ ਜਾਂਦਾ ਹੈ
ਉਹ ਫਿਰ ਇਕ
ਸੁਪਨਾ ਸਜਾਂਦਾ ਹੈ
ਠਹਿਰੀ ਹੋਈ ਧੁੰਦ 'ਚ ਕਿਤੇ
ਦੂਰ ਤੱਕ
ਨਿਕਲ ਜਾਂਦਾ ਹੈ।

## ਪਤਾ ਨਹੀਂ

ਇਨਸਾਨਾਂ ਦੇ ਜੰਗਲ 'ਚ
ਭਟਕਦਾ ਰਿਹਾ ਇਕੱਲਾ
ਆਪਣਾ ਹੀ ਪਰਛਾਵਾਂ ਲਈ
ਰਿਹਾ ਸੋਚਦਾ
ਕਿਸ ਪਾਸੇ ਜਾਵਾਂ

ਜਿਥੋਂ ਤੱਕ ਨਜ਼ਰ ਗਈ
ਹਨੇਰਾ ਹੀ ਹਨੇਰਾ ਸੀ
ਦਿਲ ਨੇ ਚਾਹਿਆ ਸੀ
ਰੋਸ਼ਨੀ ਬਣ ਖਿਲਰ ਜਾਵਾਂ

ਪਤਾ ਨਹੀਂ ਕਿਸ ਰਸਤੇ ਦੀ
ਤਲਾਸ਼ ਹੈ ਲੋਕਾਂ ਨੂੰ
ਅੱਗ ਹੱਥਾਂ 'ਚ ਲਈ ਫਿਰਦੇ ਨੇ
ਐਧਰ ਜਾਵਾਂ ਜਾਂ ਓਧਰ ਜਾਵਾਂ

ਘੁਟਨ ਹੈ, ਚੁੱਪ ਹੈ
ਅਤੇ ਅਜਨਬੀ ਜਿਹੇ ਲੋਕ
ਇਸ ਤਰ੍ਹਾਂ ਨਾ ਹੋਵੇ ਕਿਤੇ
ਕੋਹਰਾ ਬਣ ਕਿਤੇ
ਧੁੰਧ 'ਚ ਠਹਿਰ ਜਾਵਾਂ

ਚਾਹੋ ਲੱਖ ਭਾਵੇਂ ਤੁਸੀਂ
ਭੁੱਲਣਾ ਮੁਸ਼ਕਿਲ ਹੈ ਮੈਨੂੰ
ਮੈਂ ਉਹ ਨਹੀਂ, ਜਿਸ ਨੂੰ ਤੁਸੀਂ ਮਿਲੋ
ਤੇ ਫਿਰ ਤੁਹਾਡੇ ਜ਼ਿਹਨ 'ਚੋਂ
ਬਰਫ ਦੀ ਤਰ੍ਹਾਂ ਪਿਘਲ ਜਾਵਾਂ

# ਸਮੇਂ ਦੀ ਕਰਵਟ

ਹੁਣ ਤਾਂ ਮਿਤਰਾ
ਗੱਲ ਨਾ ਵਾਦ ਦੀ ਏ
ਨਾ ਵਿਵਾਦ ਦੀ ਏ
ਸਮੇਂ ਨੇ ਐਸੀ
ਕਰਵਟ ਲਈ
ਹੁਣ ਤਾਂ
ਨਾ ਗੱਲ ਰਹਿ ਗਈ
ਇਨਕਲਾਬ ਦੀ ਏ

# ਲਹਿਰਾਂ ਦੇ ਹੱਥ

ਬੰਦ ਘਰ 'ਚ ਬੈਠਾ ਆਦਮੀ
ਤੜਪਦਾ ਕਿਉਂ ਹੈ?
ਤੇ ਕੋਈ ਹੱਥਾਂ 'ਚ
ਅੱਗ ਫੜਕੇ
ਭਟਕਦਾ ਕਿਉਂ ਹੈ?

ਕੋਈ ਤਾਂ
ਹੱਥਾਂ 'ਚ ਫੜ ਜੁਗਨੂੰ
ਰੁਸ਼ਨਾ ਲੈਂਦੇ ਨੇ ਘਰ
ਤੇ ਕੋਈ ਘਰ ਫੂਕ ਲੋਕਾਂ ਦੇ
ਹਨੇਰੇ 'ਚ ਭਟਕਦਾ ਕਿਉਂ ਹੈ?

ਵਕਤ ਦੇ ਹਾਕਮ ਦਾ ਦਾਅਵਾ ਕਿ
ਹੈ ਸਭ ਨੂੰ ਤਸੱਲੀ
ਲੇਕਿਨ ਹਰ ਸ਼ਖਸ ਦੇ ਚਿਹਰੇ ਤੋਂ
ਖੂਨ ਟਪਕਦਾ ਕਿਉਂ ਹੈ?

ਹੁਣ ਕੋਈ ਧਰਮ ਨਹੀਂ
ਮਰਨ ਤੇ ਮਾਰਨ ਵਾਲੇ ਦਾ
ਫਿਰ ਵੀ ਹਰ ਚਿਹਰੇ 'ਤੇ
ਮਖੌਟਾ ਜਿਹਾ ਝਲਕਦਾ ਕਿਉਂ ਹੈ?

ਹੱਥ ਲਹਿਰਾਂਦੇ ਨੇ ਹੁਣ
ਦੁਨੀਆਂ ਦੇ ਹਰ ਪਾਸੇ
ਹਰ ਸ਼ਖਸ ਕਾਨੂੰਨ ਨੂੰ
ਗੁਲਾਮੀ ਸਮਝਦਾ ਕਿਉਂ ਹੈ?


❖

## ਫੁੱਲ ਤੋੜਨਾ ਮਨ੍ਹਾ ਹੈ

ਹਰ ਅਖਬਾਰ ਦੇ
ਕਿਸੇ ਨਾ ਕਿਸੇ ਸਫੇ ਉੱਤੇ
ਅੱਗ ਲਾਣ, ਗੋਲੀ ਚਲਾਣ
ਜਾਂ ਪੁਲਸ ਨਾਲ ਝਪਟ
ਦੀਆਂ ਖਬਰਾਂ ਹਨ
ਤੇ ਹੁਣ ਮੈਨੂੰ
ਆਹਿੰਸਾ ਵਾਲਾ ਉਪਦੇਸ਼
ਇਸ ਤਰ੍ਹਾਂ ਲਗਦਾ ਹੈ
ਜਿਵੇਂ, ਕਿਸੇ
ਉਜੜ ਚੁੱਕੇ ਹੋਏ ਬਾਗ 'ਚ
ਹਾਲੇ ਵੀ ਇਹ
ਪਲੇਟ ਲਗੀ ਹੋਈ ਹੋਵੇ
ਕਿ
ਫੁੱਲ ਤੋੜਨਾ ਮਨ੍ਹਾ ਹੈ।

## ਮੇਲਾ

ਹੁਣ ਤਾਂ ਮਿਤਰਾ
ਆਪਣੇ ਢਿੱਡ ਨੂੰ ਵੀ
ਸੇਕ ਲਗਦਾ ਏ
ਮਾਲ ਤੋਂ ਬਿਨਾਂ
ਕਿਹੜੇ ਮੇਲਾ ਸਜਦਾ ਏ
.... ਚੰਗਾ ਲਗਦਾ ਏ।



## ਸੋਚਿਆ ਸੀ ਕਦੀ

ਮੈਂ ਚਾਹਿਆ ਸੀ ਕਦੀ
ਤੂੰ ਕਿਹਾ ਸੀ ਕਦੀ
ਸ਼ਾਇਦ ਤੂੰ ਹੀ ਕਿਹਾ ਸੀ ਕਦੀ
ਹਵਾ ਬਣ ਉੱਡ ਜਾਈਏ
ਫੇਰ ਨਾ ਵਾਪਸ ਆਈਏ।

ਸਮੁੰਦਰ ਦੇ ਕਿਨਾਰੇ ਕਦੀ
ਨੰਗੇ ਪੈਰ ਚਲਦੇ ਹੋਏ
ਆਪਾਂ ਸੋਚਿਆ ਸੀ ਕਦੀ
ਠਹਿਰੀ ਹੋਈ ਰੋਸ਼ਨੀ 'ਚ
ਕੋਰਾ ਬਣ ਜੰਮ ਜਾਈਏ
ਇਕ ਦੂਜੇ 'ਚ ਸਮਾ ਜਾਈਏ

ਤੂੰ ਸੋਚਿਆ ਸੀ ਕਦੀ
ਪਾਣੀ ਬਣ, ਰਸਤਾ ਬਣਾਂਦੇ ਹੋਏ
ਪੱਥਰਾਂ ਨਾਲ ਟਕਰਾਂਦੇ ਹੋਏ
ਨਦੀ ਬਣ ਨਿਕਲ ਜਾਈਏ
ਦਰਿਆ 'ਚ ਮਿਲ ਜਾਈਏ
ਸਮੁੰਦਰ 'ਚ ਮਿਲ ਜਾਈਏ
ਬਸ, ਸਮੁੰਦਰ ਬਣ ਜਾਈਏ।

ਪਰ
ਇਸ ਤਰ੍ਹਾਂ ਹੋ ਨਾ ਸਕਿਆ
ਬਸ, ਐਵੇਂ ਹੀ ਲਗਿਆ
ਬਸ, ਮੈਂ ਹੀ ਰਿਹਾ ਸੋਚਦਾ
ਕੁਝ ਇਸੇ ਤਰ੍ਹਾਂ ਹੀ ਲੋਚਦਾ
ਜ਼ਿੰਦਗੀ ਹੈ ਕਿ ਚਲਦੀ ਜਾਂਦੀ ਹੈ
ਹਰ ਰੋਜ਼ ਕੁਝ ਨਵੇਂ ਸੁਪਨੇ ਸਜਾਂਦੀ ਹੈ।



## ਖਾਲੀਪਨ

ਖਾਲੀਪਨ 'ਚ
ਉਸਨੂੰ ਜਦੋਂ ਵੀ
ਕਿਸੀ ਹਰਕਤ ਦਾ ਅਹਿਸਾਸ
ਹੋਣ ਲੱਗਦਾ ਹੈ ਤਾਂ ਉਹ
ਆਪਣੇ ਹੱਥਾਂ ਦੇ ਨਹੁੰ
ਦੰਦਾਂ ਨਾਲ ਟੁੱਕਣ ਲੱਗ ਜਾਂਦਾ ਹੈ
ਆਪਣੇ ਆਪ ਨੂੰ
ਠੰਡਾ ਪਾ ਕੇ
ਸਿਮਟ ਜਾਂਦਾ ਹੈ
ਜਿਵੇਂ, ਹੁਣੇ ਹੁਣੇ
ਕੁਝ ਭੁੱਲ ਗਿਆ ਹੋਵੇ
ਜਿਸ ਨੂੰ ਯਾਦ ਕਰਨਾ ਆਸਾਨ ਨਹੀਂ ਹੈ

ਆਪਣੇ ਮਨ ਦੀ
ਵਿਚਲਤਾ ਦੂਰ ਕਰਨ ਲਈ
ਫੇਰ ਖਾਲੀਪਨ 'ਚ ਦੇਖ
ਉਹ ਕੋਈ ਹਰਕਤ ਨਹੀਂ ਕਰੇਗਾ
ਜਾਂ ਫੇਰ
ਕਰ ਨਹੀਂ ਸਕਦਾ
ਤੇ ਉਹ
ਇਕ ਦਮ ਮਰ ਜਾਂਦਾ ਹੈ
ਤੇ ਉਸਦਾ ਇਹ ਮਰਨਾ
ਲਗਾਤਾਰ
ਚਲਦਾ ਰਹਿੰਦਾ ਹੈ।

## ਪਤਾ ਨਹੀਂ ਕਿਉਂ

ਉਹ ਤਾਂ ਆਪਣੀ
ਜ਼ਿੰਦਗੀ ਦੀ ਬੱਤੀ
ਕਦੀ ਜਗਾਂਦੀ ਰਹੀ
ਕਦੀ ਬੁਝਾਂਦੀ ਰਹੀ
ਤੇ ਮੈਂ, ਹਨੇਰੇ ਰਾਹਾਂ 'ਚ
ਹੱਥ 'ਚ ਜੁਗਨੂੰ ਫੜ
ਨਵੇਂ ਰਸਤੇ ਲਭਦਾ ਰਿਹਾ ਤੇ ਫਿਰ
ਜਦੋਂ ਮਿਲੀ ਜ਼ਿੰਦਗੀ
ਉਹ ਪਤਾ ਨਹੀਂ ਕੀ ਸੀ
ਇਕ ਜ਼ਿੰਦਗੀ ਸੀ ਜਾਂ
ਸਿਰਫ ਇਕ ਬੰਦਗੀ

ਪਤਾ ਨਹੀਂ ਕਿਉਂ
ਜ਼ਿੰਦਗੀ ਫਿਰ ਵੀ ਭਟਕਾਂਦੀ ਰਹੀ
ਰਹਿ ਰਹਿ ਕੇ ਸਤਾਂਦੀ ਰਹੀ

ਪਤਾ ਨਹੀਂ ਕਿਉਂ
ਕੋਈ ਭਟਕਣ ਸੀ ਜਾਂ ਕੁਝ ਹੋਰ
ਜਾਂ ਪਤਾ ਨਹੀਂ ਕੀ ਸੀ
ਬਸ ਐਨਾ ਯਾਦ ਹੈ
ਜੁਗਨੂੰ ਮੇਰੇ ਹੱਥਾਂ 'ਚ ਸੀ
ਦੂਰ ਤੱਕ ਹਨੇਰਾ ਸੀ ਤੇ ਮੈਂ
ਬਸ ਤੁਰ ਰਿਹਾ ਸੀ
ਇੰਤਜ਼ਾਰ ਲਈ
ਇਕ ਨਵੀਂ ਸਵੇਰ ਦਾ।

## ਹਾਲਾਤ

ਮੌਸਮ ਦਾ
ਰੁਮਾਂਟਿਕ ਹੋਣਾ
ਤੇ ਫੇਰ
ਆਪਣੇ ਆਪ ਨੂੰ ਟਟੋਲ
ਗਰਕ ਹੋ ਜਾਣਾ
ਆਪਣੇ ਆਪ ਨਾਲ
ਜਬਰ ਜਨਾਹ ਕਰਨਾ ਹੈ

ਜ਼ਿੰਦਗੀ ਨੂੰ
ਮੌਤ ਦਾ ਨਾਂ ਦੇ ਦੇਣ ਨਾਲ
ਹਾਲਾਤ ਨਹੀਂ ਬਦਲ ਜਾਂਦੇ
ਫਰਕ ਸਿਰਫ
ਐਨਾ ਹੀ ਹੁੰਦਾ ਹੈ
ਉਸ ਵੇਲੇ ਤੁਸੀਂ ਨਹੀਂ
ਕੋਈ ਹੋਰ ਹੁੰਦਾ ਹੈ।

## ਮਸੀਹਾ

ਇਹ ਤਾਂ ਕੋਈ ਜ਼ਰੂਰੀ ਨਹੀਂ
ਹਰ ਆਦਮੀ ਮਸੀਹਾ ਹੋਵੇ
ਤੇ ਇਹ ਵੀ ਕੋਈ ਜ਼ਰੂਰੀ ਨਹੀਂ ਕਿ
ਕੋਈ ਇਕ ਬਿੰਦੂ ਮੰਜ਼ਿਲ ਹੋਵੇ
ਵਰਨਾ, ਮੰਜ਼ਿਲ ਤਾਂ
ਕਿਤੇ ਵੀ ਨਿਸਚਿਤ ਕੀਤੀ ਜਾ ਸਕਦੀ ਏ
ਵੈਸੇ ਵੀ ਵਕਤ ਦੀ ਰਫਤਾਰ
ਕੋਈ ਐਨੀ ਤੇਜ਼ ਤਾਂ ਨਹੀਂ ਸੀ
ਫਰਕ ਤਾਂ ਸਿਰਫ ਐਨਾ ਹੀ ਸੀ ਕਿ
ਹਾਦਸਿਆਂ ਨੂੰ ਟਪਣਾ ਮੁਸ਼ਕਲ ਸੀ
ਵੈਸੇ ਵੀ ਮੰਜ਼ਿਲ
ਕੋਈ ਇਕ ਤਾਂ ਨਹੀਂ ਹੁੰਦੀ
ਵਰਨਾ, ਹਰ ਆਦਮੀ
ਮਸੀਹਾ ਹੁੰਦਾ।


# ਠਹਿਰਿਆ ਪੱਥਰ

ਜ਼ਿੰਦਗੀ ਹੈ ਕਿ
ਮਹਿਜ਼ ਚਲਦੀ ਜਾਂਦੀ ਹੈ
ਮਨ ਹੈ ਕਿ
ਬੇਚੈਨ ਹੁੰਦਾ ਜਾਂਦਾ ਹੈ
ਜਿਵੇਂ ਕੋਈ ਰੁੜਦਾ ਹੋਇਆ ਪੱਥਰ
ਕਿਤੇ
ਠਹਿਰ ਜਾਂਦਾ ਹੈ।

ਖਿਆਲ ਆਂਦੇ ਨੇ
ਖਿਆਲ ਜਾਂਦੇ ਨੇ
ਤੇ ਮੈਂ
ਖਾਲੀਪਨ 'ਚ ਦੇਖ
ਸੋਚਦਾ ਰਿਹਾ
ਉਸ ਠਹਿਰੇ ਹੋਏ ਪੱਥਰ ਬਾਰੇ।

ਸੋਚਦਾ ਹਾਂ ਕਿ
ਬੇਵਫਾਈ ਦਾ ਵੀ ਸਲੀਕਾ ਹੁੰਦਾ ਹੈ
ਪਤਾ ਨਹੀਂ ਕਦੀ
ਗੁੰਮ ਹੋ ਗਈ ਹਵਾ 'ਚ ਉਹ ਜਿਵੇਂ
ਤੇ ਮੈਂ ਇੰਤਜ਼ਾਰ 'ਚ ਬੈਠਾ ਰਿਹਾ
ਤੇ ਸੋਚਦਾ ਰਿਹਾ ਕਿ
ਉਹ ਠਹਿਰਿਆ ਹੋਇਆ ਪੱਥਰ
ਕਿਤੇ ਰਿੜ ਜਾਵੇ।

ਇਕ ਉਹ ਹੈ
ਜੋ ਰਾਤ ਦੀ ਖਾਮੋਸ਼ੀ 'ਚ
ਜੋ ਤ੍ਰੇਲ ਨਾਲ ਭਿਜੀ ਘਾਹ 'ਤੇ
ਨੰਗੇ ਪੈਰੀਂ
ਪੀਂਦੀ ਹੋਈ ਸਿਗਰਟ



ਚਲਦੀ ਰਹਿੰਦੀ ਏ
ਮੈਨੂੰ ਪਤਾ ਏ ਕਿ
ਉਸਦੇ ਅੰਦਰੋਂ ਧੂੰਆਂ ਨਹੀਂ
ਬਲਕਿ ਚਲ ਰਹੀ ਏ
ਇਕ ਕਾਲੀ ਬੋਲੀ ਹਨੇਰੀ
ਤੇ ਮੈਂ ਇਸ ਉਡੀਕ ’ਚ ਹਾਂ ਕਿ
ਪਹਾੜ ਪਾਸਾ ਪਰਤੇ
ਤੇ ਉਹ ਠਹਿਰਿਆ ਹੋਇਆ ਪੱਥਰ
ਕਿਤੇ ਥੱਲੇ ਡਿਗ ਜਾਵੇ
ਰੁੜ ਜਾਵੇ।

ਇਕ ਉਹ ਹੈ ਕਿ
ਜਿਸਦਾ ਮਨ
ਉਡ ਜਾਣ ਨੂੰ ਕਰਦਾ ਏ, ਕਿ
ਉਹ ਉਡ ਜਾਏ ਤੇ
ਕਦੀ ਵਾਪਸ ਨਾ ਆਏ
ਉਸਨੂੰ ਲਗਦਾ ਹੈ
ਕਿਸੇ ਇਕ ਦਾ ਬਣਨਾ
ਸਿਰਫ ਛਟਪਟਾਹਟ ਦੇਣਾ ਹੈ
ਉਸ ਨੂੰ ਇੰਤਜ਼ਾਰ ਹੈ
ਕਿਸੇ ਜਲਜਲੇ ਦਾ
ਜਿਸ 'ਚ ਦੁਨੀਆਂ ਗਰਕ ਜਾਵੇ
ਤੇ ਉਹ ਠਹਿਰਿਆ ਹੋਇਆ ਪੱਥਰ
ਜ਼ਰਾ ਜ਼ਰਾ ਜਿਹਾ ਹੋ ਜਾਵੇ
ਤੇ ਹਵਾ 'ਚ ਖਿੰਡ ਜਾਵੇ

# ਕਿਸਾਨ

ਪਤਾ ਨਹੀਂ
ਕੀ ਹੋ ਰਿਹਾ ਏ
ਪੱਟਾਂ 'ਤੇ ਮੋਰਨੀਆਂ ਪਵਾ
ਥਾਪੀਆਂ ਮਾਰ
ਲੁਡੀਆਂ ਪਾਣ ਵਾਲਾ
ਖੇਤ ਬੰਨੇ
ਬੈਠਾ ਰੋ ਰਿਹਾ ਏ।
ਪਤਾ ਨਹੀਂ
ਕੀ ਹੋ ਰਿਹਾ ਏ।

# ਅਲਵਿਦਾ

ਗੱਡੀ ਦੇ ਚਲਣ ਤੋਂ ਲੈ ਕੇ
ਸਟੇਸ਼ਨ ਛਡਣ ਤੱਕ
ਮੇਰੀਆਂ ਨਜ਼ਰਾਂ
ਕੁਝ ਖ਼ੂਬਸੂਰਤ ਹੱਥਾਂ ਨੂੰ
ਲਭਦੀਆਂ ਰਹਿੰਦੀਆਂ ਨੇ
ਜੋ ਅਲਵਿਦਾ ਕਹਿ ਰਹੀਆਂ ਹੋਣ
ਤੇ ਫਿਰ ਕਿਸੀ
ਖ਼ੂਬਸੂਰਤ ਅਲਵਿਦਾ ਨੂੰ
ਅਲਵਿਦਾ ਕਹਿ ਦੇਂਦਾ ਹਾਂ

ਮਨ ਹਲਕਾ ਹੋ ਜਾਂਦਾ ਏ
ਜਿਵੇਂ ਕੋਈ ਦਿਲ 'ਤੇ ਪਿਆ ਬੋਝ
ਉਤਰ ਜਾਂਦਾ ਏ
ਤੇ ਇਹ ਸਿਲਸਿਲਾ
ਮੈਂ ਆਪਣੇ ਇਕਲਾਪਨ
ਦੂਰ ਕਰਨ ਲਈ
ਹਰ ਸਟੇਸ਼ਨ 'ਤੇ
ਗੱਡੀ ਦੇ ਗੁੰਮ ਹੋ ਜਾਣ ਤੱਕ
ਚਲਦਾ ਰਹਿੰਦਾ ਹਾਂ
ਅਲਵਿਦਾ ਕਹਿੰਦਾ ਰਹਿੰਦਾ ਹੈ।


## ਕਈ ਸੂਰਜ

ਮੈਂ, ਕਰਦਾ ਰਿਹਾ ਇੰਤਜ਼ਾਰ
ਇਕ ਨਵੀਂ ਸਵੇਰ ਦਾ
ਪਰ ਲਗਦਾ ਰਿਹਾ ਮੈਨੂੰ
ਕਦੀ ਸਿਲਾ ਮਿਲੇਗਾ ਪਿਆਰ ਦਾ

ਕਈ ਵਾਰ ਇਸ ਤਰ੍ਹਾਂ ਵੀ
ਲਗਦਾ ਰਿਹਾ ਮੈਨੂੰ
ਕੋਈ ਇਕ ਨਵਾਂ ਸੂਰਜ
ਉਗ ਆਏਗਾ ਮੇਰੇ ਹੱਥਾਂ 'ਤੇ
ਤੇ ਮੈਂ ਇੰਤਜ਼ਾਰ ਕਰਦਾ ਰਿਹਾ
ਹਨੇਰੇ ਦੇ ਖਤਮ ਹੋਣ ਦਾ

ਪਤਾ ਨਹੀਂ ਕਿਵੇਂ
ਕਈ ਪਰਬਤ, ਕਈ ਨਦੀਆਂ
ਮੇਰੇ ਸੀਨੇ 'ਚ ਉਤਰ ਆਈਆਂ
ਤੇ ਕਈ ਵਾਰ
ਇਸ ਤਰ੍ਹਾਂ ਵੀ ਲਗਦਾ ਰਿਹਾ
ਚਹਿ ਚਹਾਉਂਦੇ ਪੰਛੀਆਂ ਤੇ
ਹਰੀਆਂ ਭਰੀਆਂ ਵਾਦੀਆਂ
ਮੇਰੇ ਸੀਨੇ 'ਚ ਉਤਰ ਆਈਆਂ ਹੋਣ
ਤੇ ਮੈਂ, ਤੈਨੂੰ ਲਭਦਾ ਰਿਹਾ
ਇਨ੍ਹਾਂ ਵਾਦੀਆਂ 'ਚ
ਪਤਾ ਨਹੀਂ ਕਿਉਂ ?

ਕਈ ਵਾਰ ਮੈਨੂੰ ਇਸ ਤਰ੍ਹਾਂ ਲੱਗਿਆ
ਕਈ ਸੂਰਜ
ਮੇਰੀ ਹਥੇਲੀ 'ਤੇ ਉਤਰ ਆਏ
ਪਰ ਤੂੰ ਨਹੀਂ ਸੀ



ਬਸ ਮੈਂ ਤਾਂ
ਇਸ ਆਸ 'ਚ ਬੈਠਾ ਹਾਂ
ਤੂੰ ਆਵੇਂ ਤੇ ਮੇਰੀ ਹਥੇਲੀ 'ਤੇ
ਕਈ ਚੰਦ, ਕਈ ਤਾਰੇ ਤੇ
ਕਈ ਸੂਰਜ ਹੋਣ

ਉਮੀਦ ਅਜੇ ਬਾਕੀ ਹੈ
ਪਤਾ ਨਹੀਂ ਕਦੋਂ
ਵਕਤ ਪਲਟ ਜਾਵੇ
ਤੇ ਤੂੰ...
ਬਸ ਕੁਝ ਨਹੀਂ....

## ਜਸ਼ਨ ਮਨਾਈਏ

ਚਲੋ
ਅੱਜ ਦਾ ਜਸ਼ਨ ਮਨਾਈਏ
ਮੇਰਾ, ਕੱਲ੍ਹ ਦਾ
ਕੋਈ ਵਾਅਦਾ ਨਹੀਂ ਏ
ਕਿਉਂਕਿ
ਵਕਤ ਦਾ
ਮੈਂ ਕਦੀ ਇੰਤਜ਼ਾਰ ਨਹੀਂ ਕਰਦਾ
ਏਸੇ ਲਈ ਮੈਂ
ਜ਼ਿੰਦਗੀ ਨੂੰ ਕਦੀ
ਮੌਤ ਦਾ ਨਾਂ ਨਹੀਂ ਦਿੱਤਾ
ਮੈਂ ਜਾਣਦਾ ਹਾਂ
ਦੁਨੀਆਂ ਤਾਂ
ਇਸੇ ਤਰ੍ਹਾਂ ਹੀ ਚਲੇਗੀ
ਖ਼ੈਰ
ਛੱਡੋ ਇਨ੍ਹਾਂ ਗੱਲਾਂ ਨੂੰ
ਤੇ ਅੱਜ ਦਾ ਜਸ਼ਨ ਮਨਾਈਏ

ਦੇਖ, ਤੂੰ ਦੋਸਤੀ ਨੂੰ
ਕਿਸੇ ਰਿਸ਼ਤੇ ਦਾ
ਨਾਂ ਨਾ ਦੇ
ਆਪਾਂ ਕਦੀ
ਕਿਸੇ ਮੋੜ ’ਤੇ ਫੇਰ ਮਿਲੀਏ
ਤੇ ਇਕ ਦੂਜੇ ਤੋਂ
ਨਜ਼ਰਾਂ ਚੁਰਾਈਏ
ਕਿਉਂਕਿ
ਮੈਂ ਉਹ ਨਹੀਂ
ਜੋ ਨਦੀ ਕਿਨਾਰੇ
ਘਰ ਬਣਾ ਕੇ
ਪੁਸ਼ਤਾਂ ਤੱਕ ਜੀਣ ਦੀ
ਤਮੰਨਾ ਰਖਦਾ ਹੋਵੇ

ਦੋਸਤ
ਛੱਡ ਬਾਕੀ ਸਾਰੀਆਂ ਗੱਲਾਂ ਨੂੰ
ਕੱਲ੍ਹ ਦਾ ਕੋਈ ਵਾਅਦਾ ਨਹੀਂ
ਚਲ
ਅੱਜ ਦਾ ਜਸ਼ਨ ਮਨਾਈਏ
ਕੋਈ ਮਿੱਠਾ ਜਿਹਾ
ਗੀਤ ਗਾਈਏ
ਤੇ ਇਸੇ 'ਚ ਸਮਾ ਜਾਈਏ।

## ਉੱਡਦਾ ਖਿਆਲ

ਪਤਾ ਨਹੀਂ ਉਹ ਕੀ ਹੈ
ਜੋ ਬਾਰ ਬਾਰ
ਜ਼ਿਹਨ 'ਚ ਉੱਠਦਾ ਹੈ
ਤੇ ਫਿਰ
ਬੜੀ ਧਮਾਲ ਮਚਾਂਦਾ ਹੈ
ਕਦੀ ਪੱਥਰਾਂ 'ਚ ਪਗਡੰਡੀਆਂ
ਲੱਭਣ ਨਿਕਲ ਜਾਂਦਾ ਹੈ
ਤੇ ਫਿਰ ਕਦੀ
ਹਵਾ 'ਚ ਗੀਤ ਲਿਖਣ ਲੱਗ ਪੈਂਦਾ ਹੈ
ਇਹ ਵੀ ਇਕ ਮਨ ਦੀ ਮੌਜ ਹੈ
ਹਵਾ 'ਚ ਤਸਵੀਰਾਂ ਬਨਾਉਣਾ
ਤੇ ਫੇਰ
ਇਨ੍ਹਾਂ ਤਸਵੀਰਾਂ 'ਚੋਂ
ਜਾਣੇ ਪਛਾਣੇ ਚਿਹਰੇ ਲੱਭਣਾ।

ਪਤਾ ਨਹੀਂ ਕੀ ਹੁੰਦਾ ਹੈ
ਮਨ ਆਪਣੇ ਆਪ 'ਚ
ਨੱਚਣ ਲੱਗ ਜਾਂਦਾ ਹੈ
ਜਿਵੇਂ ਚਾਰੇ ਪਾਸੇ ਸੰਗੀਤ
ਗੂੰਜ ਰਿਹਾ ਹੋਵੇ
ਤੇ ਪੈਰ, ਆਪ ਮੁਹਾਰੇ ਤਾਲ 'ਤੇ
ਲੁਡੀ ਪਾਣ ਲਈ ਕਾਹਲੇ ਪੈ ਰਹੇ ਹੋਣ
ਵੱਸ ਇਹੋ ਜਿਹਾ ਹੁੰਦਾ ਕੁਝ ਨਹੀਂ
ਸਿਰਫ ਮਨ ਦਾ ਭਰਮ ਹੈ
ਬਸ ਐਵੇਂ ਹੀ
ਵੱਸ 'ਚ ਕੁਝ ਨਹੀਂ ਰਹਿੰਦਾ।

ਕਈ ਵਾਰ ਇਸ ਤਰ੍ਹਾਂ ਵੀ
ਲਗਦਾ ਹੈ, ਜਿਵੇਂ



ਦੂਰ ਪਹਾੜਾਂ ਤੇ ਬਦਲੌਟੀ
ਹੋਵੇ ਛਾਈ ਹੋਈ
ਤੇ ਹੁੰਦੀ ਹੈ
ਮੂਸਲਾਧਾਰ ਬਾਰਸ਼
ਤਨ ਤੇ ਮਨ
ਭਿੱਜ ਜਾਂਦੇ ਹਨ
ਆਤਮਾ ਤ੍ਰਿਪਤ ਹੋ ਜਾਂਦੀ ਹੈ

ਵੈਸੇ, ਇਸ ਤਰ੍ਹਾਂ ਵੀ
ਕੁਝ ਨਹੀਂ ਹੁੰਦਾ
ਸਿਰਫ ਮਨ ਦੀ ਉਡਾਣ ਹੈ
ਜਿਹੜੀ ਉਸ ਨੂੰ ਨਿਹਾਲ ਕਰ ਜਾਂਦੀ ਹੈ।

## ਦੋ ਪੱਥਰ

ਮੈਨੂੰ ਉਸ ਨੇ
ਗਿਆ ਵਕਤ ਸਮਝ
ਵਾਪਸ ਨਹੀਂ ਬੁਲਾਇਆ ਸੀ
ਤੇ ਮੈਂ
ਕਿਸੇ ਮੋੜ 'ਤੇ
ਵਗਦੇ ਪਾਣੀ 'ਚ
ਲੱਤਾਂ ਪਸਾਰ ਬੈਠ ਗਿਆ ਸੀ
ਤੇ ਬੜੀ ਦੇਰ ਤੱਕ
ਪੱਥਰਾਂ 'ਚ ਪੱਥਰ ਮਾਰ
ਅੱਗ ਪੈਦਾ ਕਰਨ ਦੀ
ਕੋਸ਼ਿਸ਼ ਕਰਦਾ ਰਿਹਾ

ਪਤਾ ਨਹੀਂ
ਉਸ ਵਕਤ ਮੈਂ
ਜਲੂਸ ਦੇ ਅੱਗੇ ਸੀ ਜਾਂ ਪਿੱਛੇ
ਬਸ ਐਨਾ ਯਾਦ ਹੈ ਕਿ
ਹੱਥ ਹਵਾ 'ਚ ਹਿਲ ਰਹੇ ਸਨ
ਪਰ ਸੁਣਾਈ ਕੁਝ ਨਹੀਂ ਸੀ ਦੇ ਰਿਹਾ
ਤੇ ਮੇਰੇ ਹੱਥ 'ਚ
ਉਹੀ ਦੋ ਪੱਧਰ ਸਨ
ਤੇ ਮੈਂ...
ਖੈਰ ਕੁਝ ਨਹੀਂ

ਰਸਤੇ ਟੇਡੇ ਮੇਢੇ ਸਨ
ਤੇ ਮੈਂ
ਸਿੱਧਾ ਚਲਦਾ ਰਿਹਾ ਸੀ
ਸੁੰਨਸਾਨ, ਹਨ੍ਹੇਰੇ ਰਸਤੇ
ਪਰ,
ਗੁੰਮ ਹੋ ਜਾਣ ਦੇ ਡਰ ਕਰਕੇ
ਮੈਂ, ਉਨ੍ਹਾਂ ਪੱਥਰਾਂ 'ਚੋਂ
ਅਜੇ ਅੱਗ ਪੈਦਾ ਕਰਨ ਦੀ
ਕੋਸ਼ਿਸ਼ ਕਰਨ ਹੀ ਲੱਗਾ ਸੀ
ਕਿ ਮੇਰੇ ਹੱਥ
ਕਿਸੀ ਨੇ ਆਪਣੇ ਹੱਥਾਂ 'ਚ
ਲੈ ਲਏ।



ਕੋਈ ਸੀ
ਜੋ ਮੈਨੂੰ ਆਪਣੇ ਕਲਾਵੇ 'ਚ ਲੈ
ਤੇ ਫਿਰ ਮੈਨੂੰ ਹੱਥ ਫੜ
ਉਸੇ ਮੋੜ 'ਤੇ ਲੈ ਆਈ
ਜਿੱਥੋਂ ਮੈਂ ਇਹ ਦੋ ਪੱਥਰ ਚੁੱਕੇ ਸੀ

ਉਸ ਮੇਰੇ ਹੱਥਾਂ 'ਚੋਂ
ਦੋਵੇਂ ਪੱਥਰ ਲੈ
ਉਸ ਵਗਦੇ ਪਾਣੀ 'ਚ ਸੁੱਟ ਦਿੱਤੇ ਸੀ
ਤੇ ਹੁਣ ਮੈਂ
ਉਸਦੀ ਗਦਰਾਈ ਛਾਤੀ 'ਤੇ
ਸਿਰ ਰੱਖ
ਇਕ ਲੰਮੀ ਨੀਂਦ ਸੌਂ ਗਿਆ ਸੀ
ਹੋਰ ਮੈਨੂੰ ਕੁਝ ਵੀ ਯਾਦ ਨਹੀਂ।

## ਜ਼ਿੰਦਗੀ 'ਚ ਇਕ ਹੋਰ

ਖਾਮੋਸ਼ ਮਾਹੌਲ ਹੈ
ਕੋਈ ਗੱਲ ਤਾਂ ਹੋਣੀ ਚਾਹੀਦੀ ਏ
ਆਸਮਾਨ 'ਚ ਉੱਠੀ ਏ ਘਟਾ
ਬਰਸਾਤ ਤਾਂ ਹੋਣੀ ਚਾਹੀਦੀ ਏ।

ਅਸੀਂ ਵੀ ਮੰਗਣ ਤੁਰ ਪੈਂਦੇ ਹਾਂ ਦੁਆ
ਉਸਦੀ ਦਹਿਲੀਜ਼ 'ਤੇ
ਸ਼ਰਤ ਇਹ ਹੈ ਕਿ ਉਸ ਬੁੱਤ ਦੀ
ਕੋਈ ਔਕਾਤ ਤਾਂ ਹੋਣੀ ਚਾਹੀਦੀ ਏ।

ਸਿਤਮਗਰ ਮਿਲੇ, ਨਾ ਮਿਲੇ
ਇਹ ਹੋਰ ਗੱਲ ਹੈ
ਜ਼ਿੰਦਗੀ 'ਚ ਕਦੇ
ਮੁਲਾਕਾਤ ਤਾਂ ਹੋਣੀ ਚਾਹੀਦੀ ਏ।

ਬੜੀ ਮੁਸ਼ਕਿਲ ਨਾਲ ਟੁੱਟੀ ਏ
ਖਾਮੋਸ਼ੀ ਉਸਦੀ
ਮੁਲਾਕਾਤ 'ਚ ਜ਼ਜਬਾਤ ਦੀ
ਸੌਗਾਤ ਤਾਂ ਹੋਣੀ ਚਾਹੀਦੀ ਏ।

ਜ਼ਮਾਨਾ ਇਕ ਟਕ ਵੇਖਦਾ ਰਿਹਾ
ਘੂਰਦਾ ਰਿਹਾ ਸਾਨੂੰ
ਸੋਚਦਾ ਰਿਹਾ, ਮਿਲਣ ਲਈ
ਇਕ ਰਾਤ ਤਾਂ ਹੋਣੀ ਚਾਹੀਦੀ ਏ।



## ਦਰਵਾਜ਼ੇ

ਉਸਨੂੰ
ਦਰਵਾਜ਼ਿਆਂ ਤੋਂ
ਬੜੀ ਨਫਰਤ ਹੈ।

ਦਰਵਾਜ਼ੇ ਜੋ ਚਾਰ ਦਿਵਾਰੀ ਦੇ
ਅੰਦਰ ਨੂੰ ਖੁੱਲ੍ਹਦੇ ਹਨ
ਇਹ ਚਾਰ ਦਿਵਾਰੀ
ਕੁਝ ਵੀ ਹੋ ਸਕਦੀ ਹੈ
ਘਰ, ਦਫਤਰ ਜਾਂ
ਕੁਝ ਵੀ।

ਘਰ
ਜਿੱਥੇ ਪ੍ਰੰਪਰਾਵਾਂ
ਪਤਾ ਨਹੀਂ ਇਨ੍ਹਾਂ ਨੂੰ
ਸੰਸਕਾਰ ਵੀ ਕਹਿੰਦੇ ਹੋਣ
ਪੀੜ੍ਹੀ ਦਰ ਪੀੜ੍ਹੀ
ਚਲੀਆਂ ਆਉਂਦੀਆਂ ਹਨ
ਚੱਕਰ ਲਾਉਂਦੇ
ਕਿਸੇ ਕੋਹਲੂ ਦੇ ਬੈਲ ਦੀ ਤਰ੍ਹਾਂ

ਦਫਤਰ
ਜਿੱਥੇ ਹਰ ਕੰਮ
ਆਪਣਾ ਲੁਹਾ ਕੇ ਚੰਮ
ਹੀ ਹੁੰਦਾ ਹੈ
ਇਨ੍ਹਾਂ ਦਫਤਰਾਂ 'ਚ ਪਏ ਰੈਕ
ਲੋਕਾਂ ਦੀਆਂ
ਕਿਸਮਤਾਂ ਲੈ ਕੇ ਖੜ੍ਹੇ ਹਨ

ਬਸ ਉਸ ਨੂੰ
ਦਰਵਾਜ਼ਿਆਂ ਤੋਂ ਨਫਰਤ ਹੈ
ਜਿਹੜੇ
ਧਰਮ ਸਥਾਨਾਂ ਅੰਦਰ
ਖੁੱਲ੍ਹਦੇ ਹਨ
'ਧਰਮ'
ਜਿਸ ਨੂੰ ਹਮੇਸ਼ਾ
ਕੋਈ ਨਾ ਕੋਈ ਖ਼ਤਰਾ
ਰਹਿੰਦਾ ਹੈ।

ਤੇ ਫਿਰ
ਇਨ੍ਹਾਂ ਦਰਵਾਜ਼ਿਆਂ ਥਾਣੀ
ਟੈਂਕ ਜਾਂਦੇ ਨੇ
ਗੋਲੀਆਂ ਦਾ ਮੀਂਹ ਵਰਦਾ ਹੈ
ਤੇ ਫਿਰ
ਗੁਨਾਹਗਾਰਾਂ ਦੇ ਨਾਲ
ਬੇਗੁਨਾਹ ਵੀ ਮਾਰੇ ਜਾਂਦੇ ਨੇ
ਉਜਾੜੇ ਜਾਂਦੇ ਨੇ
ਉਖਾੜੇ ਜਾਂਦੇ ਨੇ
ਆਪਣੇ ਹੀ ਦੇਸ਼ 'ਚ
ਸ਼ਰਨਾਰਥੀ ਕਹਾਏ ਜਾਂਦੇ ਨੇ

ਦਰਵਾਜ਼ੇ
ਜਿਨ੍ਹਾਂ ਤੋਂ ਉਸ ਨੂੰ ਨਫਰਤ ਹੈ
ਕਿਉਂਕਿ
ਨਵੇਂ ਘਰ 'ਚ ਆਣ ਲਈ
ਇਹੀ ਦਰਵਾਜ਼ੇ ਸਜਾਏ ਜਾਂਦੇ ਨੇ
ਤੇ ਫਿਰ
ਕੁਝ ਲੋਕਾਂ ਦੇ

ਕਾਰਨਾਮਿਆਂ ਕਰਕੇ
ਉਜਾੜੇ ਜਾਂਦੇ ਨੇ
ਸਜਾਏ ਦਰਵਾਜ਼ਿਆਂ ਦੀ
ਸਾਂਕਲ ਚੜ੍ਹਾ
ਲੋਕ ਅਨਜਾਣੀ ਮੰਜ਼ਿਲ ਵੱਲ
ਡਰਦੇ ਸਹਿਮੇ ਨਿਕਲ ਜਾਂਦੇ ਨੇ

ਪਤਾ ਨਹੀਂ ਕਿਉਂ
ਆਤੰਕ ਪੈਦਾ ਹੁੰਦਾ ਹੈ
ਬੇਧਰਮਾ
ਨਿਕਰਮਾ
ਬਿਨਾਂ ਕੋਈ ਜਾਤ ਲਈ
ਬਿਨਾਂ ਕੋਈ ਔਕਤ ਲਈ
ਇਨ੍ਹਾਂ ਦਰਵਾਜ਼ਿਆਂ 'ਚ
ਗੋਲੀਆਂ ਚਲਦੀਆਂ ਨੇ
ਇਨ੍ਹਾਂ ਦਰਵਾਜ਼ਿਆਂ 'ਚ
ਗੋਲੀਆਂ ਵੱਜਦੀਆਂ ਨੇ
ਦਰਵਾਜ਼ੇ ਤਾਂ ਫਿਰ ਵੀ ਦਰਵਾਜ਼ੇ ਨੇ
ਨਫਰਤ ਜਾਂ ਪਿਆਰ ਦਾ
ਕੋਈ ਮਤਲਬ ਨਹੀਂ
ਫਿਰ ਵੀ
ਉਸ ਨੂੰ
ਦਰਵਾਜ਼ਿਆਂ ਤੋਂ ਨਫਰਤ ਹੈ

ਵਾਤਾਵਰਨ ਖੁੱਲ੍ਹਾ ਹੋਏਗਾ ਤਾਂ
ਦਿਲ ਵੀ ਖੁੱਲ੍ਹਾ ਹੋਏਗਾ
ਤੇ ਫਿਰ
ਆਦਮੀ ਇਕੱਲਾ ਕਦੋਂ ਹੋਏਗਾ
ਤੇ ਇਕਲਾ
ਕਦੋਂ ਰੋਏਗਾ

ਇਸੇ ਕਰਕੇ
ਉਸਨੂੰ ਦਰਵਾਜ਼ਿਆਂ ਤੋਂ
ਨਫਰਤ ਹੈ
ਜੋ ਕਦੀ ਵੀ
ਬੰਦ ਹੋ ਸਕਦੇ ਨੇ
ਕੋਈ ਵੀ ਸਾਜਿਸ਼
ਪੈਦਾ ਹੋ ਸਕਦੀ ਹੈ।

# ਆਵਾਰਗੀ

ਉਸ ਨੂੰ ਬੜਾ ਚੰਗਾ ਲਗਦਾ ਹੈ
ਕਿਸੇ ਧੁੰਦ ਦਾ ਉਤਰ ਆਣਾ
ਗੁਣ ਗੁਣਾਂਦੇ ਹੋਏ ਕੋਈ ਗੀਤ
ਦੂਰ ਤੱਕ ਨਿਕਲ ਜਾਣਾ
ਤੇ ਇਸ ਠਹਿਰੀ ਹੋਈ ਧੁੰਦ 'ਚ ਕਿਤੇ
ਆਪਣਾ ਆਪਾ ਗੁਆ ਦੇਣਾ

ਸੁਨਸਾਨ ਰਾਹਾਂ 'ਤੇ
ਲੜਖੜਾਂਦੇ ਚਲਦੇ ਹੋਏ
ਕਿਸੇ ਧੁੰਦ 'ਚ ਠਹਿਰ ਜਾਣਾ
ਇਕ ਇੰਤਜ਼ਾਰ ਲਈ
ਸ਼ਾਇਦ, ਕੋਈ ਗੀਤ ਉਤਰ ਆਏ
ਜੋ, ਮਨ ਨੂੰ ਗਰਮਾ ਜਾਏ
ਕੋਈ ਸੁਪਨਾ ਸਜਾ ਜਾਏ
ਸੋਚ ਨੂੰ ਭਰਮਾ ਜਾਏ

ਭਟਕਣ ਹੈ ਕਿ ਭਰਮਾਂਦੀ ਹੈ
ਇਕ ਟੀਸ ਹੈ ਜੋ
ਰਹਿ ਰਹਿ ਕੇ ਉਭਰ ਆਂਦੀ ਹੈ

ਠਹਿਰੀ ਹੋਈ ਧੁੰਦ 'ਚ
ਇਕ ਆਵਾਰਗੀ ਦੇ ਆਲਮ 'ਚ
ਪੱਥਰਾਂ ਨਾਲ ਟਕਰਾਂਦੇ ਹੋਏ
ਨਵੇਂ ਰਾਹ ਬਣਾਂਦੇ ਹੋਏ
ਸੁਪਨੇ ਸਜਾਂਦੇ ਹੋਏ
ਦੂਰ ਤੱਕ ਨਿਕਲ ਜਾਣਾ
ਸੁਪਨਾ ਤੇ ਫਿਰ ਸੁਪਨਾ ਹੈ
ਬਣਦਾ ਹੈ ਤੇ ਟੁੱਟ ਜਾਂਦਾ ਹੈ
ਉਹ ਫਿਰ ਸੁਪਨਾ ਸਜਾਂਦਾ ਹੈ

ਉਸ ਦੀ ਕਦੀ ਬੁੱਕਲ ਮਾਰਦਾ ਹੈ
ਤੇ ਕਦੀ ਵਿਛਾਂਦਾ ਹੈ
ਤੇ ਇਸੇ ਤਰ੍ਹਾਂ
ਠਹਿਰੀ ਹੋਈ ਧੁੰਦ 'ਚ
ਉਹ ਦੂਰ ਤੱਕ ਨਿਕਲ ਜਾਂਦਾ ਹੈ।

## ਦੁਨੀਆਂ ਮਿਲੀ ਸੀ

ਇਕ ਦੁਨੀਆਂ
ਮੈਨੂੰ ਵੀ ਮਿਲੀ ਸੀ...

ਅਖਬਾਰਾਂ 'ਚ ਖਬਰਾਂ ਹਨ
ਅੱਗ ਲਾਣ ਦੀਆਂ
ਗੋਲੀ ਚੱਲਣ ਜਾਂ ਗੋਲੀ ਚਲਾਣ ਦੀਆਂ
ਕੁਝ ਇਸੇ ਤਰ੍ਹਾਂ ਹੀ ਹੁੰਦਾ ਏ ਹਰ ਰੋਜ਼
ਕਿਤੇ ਕੋਈ ਲੁੱਟਿਆ ਗਿਆ
ਕਿਤੇ ਕੋਈ ਪੁੱਟਿਆ ਗਿਆ
ਕਿਤੇ ਕੋਈ ਮਾਰਿਆ ਗਿਆ
ਕਿਸੇ ਨੇ ਬਸ ਇਹ ਕਿਹਾ
ਲਓ, ਇਕ ਹੋਰ ਵਿਚਾਰਾ ਗਿਆ

ਇਕ ਦੁਨੀਆਂ
ਮੈਨੂੰ ਵੀ ਮਿਲੀ ਸੀ...

ਦੂਸਰੀ ਜੰਗ ਤੋਂ ਲੈ ਕੇ
ਘਰਾਂ 'ਚ ਦੀਵਾਰਾਂ ਖੜ੍ਹੀਆਂ ਕਰਨ ਤੱਕ
ਨਾਅਰੇ ਉੱਠਣ ਲੱਗੇ ਸੀ
ਲੋਕ ਵੰਡੇ ਜਾਣ ਲੱਗੇ ਸੀ
ਸ਼ੋਅਲੇ ਭੜਕਣ ਲਗੇ ਸੀ
ਲਾਸ਼ਾਂ ਦੇ ਅੰਬਾਰ ਸਨ
ਔਰਤਾਂ ਦੇ ਬਾਜ਼ਾਰ ਸਨ
ਤੇ ਫਿਰ
ਕੁਝ ਨਹੀਂ ਹੋਇਆ
ਸਿਰਫ ਕਈ ਦੇਸ਼ ਹੋਰ ਬਣ ਗਏ
ਤੇ ਫਿਰ ਜਦੋਂ...
ਲੋਕ ਕੁਝ ਆਰਾਮ ਨਾਲ
ਬੈਠਣ ਲੱਗੇ ਸਨ

ਢੋਲ ਨਗਾਰੇ ਵੱਜਣ ਲੱਗੇ ਸਨ
ਹਾਸੇ ਠੱਠੇ ਫਿਰ ਚਲਣ ਲੱਗੇ ਸਨ
ਰਿਸ਼ਤਿਆਂ ਨੂੰ ਭੁੱਲ
ਫਿਰ ਰਿਸ਼ਤੇ ਹੋਣ ਲੱਗੇ ਸਨ
ਫਿਰ ਪਤਾ ਨਹੀਂ ਕਿਵੇਂ
ਇਕ ਬਦਬੂ ਜਿਹੀ ਉਠਣ ਲੱਗੀ ਸੀ
ਮਾਂ ਬੋਲੀ ਵੰਡੀ ਜਾਣ ਲੱਗੀ ਸੀ
ਇਕ ਨੇ ਅਪਨਾਇਆ ਸੀ
ਦੂਸਰੇ ਨੇ ਭੁਲਾਇਆ ਸੀ।

ਪਤਾ ਨਹੀਂ
ਕਿਹੋ ਜਿਹੀ ਦੁਨੀਆ
ਮੈਨੂੰ ਮਿਲੀ ਸੀ।

ਨਾਅਰਿਆਂ ਦਾ ਕੀ ਹੈ
ਕਿਤੇ ਵੀ
ਕਿਸੇ ਵੀ ਗੱਲ 'ਤੇ ਉਛਾਲੇ ਜਾ ਸਕਦੇ ਨੇ
ਕਿਤੇ ਵੀ ਉਡਾਏ ਜਾ ਸਕਦੇ ਨੇ
ਲੋਕ ਉਕਸਾਏ ਜਾ ਸਕਦੇ ਨੇ
ਰਿਸ਼ਤੇ ਦਫਨਾਏ ਜਾ ਸਕਦੇ ਨੇ
ਇਕ ਘਰ ਦੇ
ਕਈ ਘਰ ਬਣਾਏ ਜਾ ਸਕਦੇ ਨੇ

ਇਕ ਦੁਨੀਆਂ ਮੈਨੂੰ ਵੀ ਮਿਲੀ ਸੀ
ਘਰ ਤੋਂ ਬਾਹਰ ਕਰਫਿਊ ਲੱਗਾ ਹੈ
ਤੇ ਮੈਂ
ਘਰ ਦੀ ਖਿੜਕੀ ਤੋਂ ਬਾਹਰ
ਸੁੰਨਸਾਨ ਸੜਕ ਨੂੰ ਦੇਖਦਾ ਹਾਂ
ਮੈਂ ਜੋ ਖੁੱਲ੍ਹੇ ਆਕਾਸ਼ 'ਚ

ਉੱਡਣ ਬਾਰੇ ਸੋਚਦਾ ਸੀ
ਆਪਣੇ ਘਰ ’ਚ ਕੈਦ
ਆਪਣੀ ਦੁਨੀਆਂ ’ਤੇ
ਤਰਸ ਕਰ ਰਿਹਾ ਹਾਂ

ਇਕ ਦੁਨੀਆ ਮਿਲੀ ਸੀ ਮੈਨੂੰ
ਮੇਰੇ ਸੁਪਨਿਆਂ ਦੀ
ਦੁਨੀਆਂ ਨਹੀਂ ਸੀ ਇਹ
ਮਹਿਜ਼ ਟੁਕੜਾ ਟੁਕੜਾ
ਜ਼ਿੰਦਗੀ ਹੈ ਇਹ

ਪਰ ਇੰਤਜ਼ਾਰ ਹੈ ਉਸ ਦਿਨ ਦਾ
ਖੁੱਲ੍ਹੇ ਆਕਾਸ਼ ’ਚ ਉਡਾਣ ਭਰਨ ਦਾ
ਆਦਮੀ ਦੇ ਇਨਸਾਨ ਬਣਨ ਦਾ
ਇਕੱਠੇ ਜੀਣ ਤੇ ਇਕੱਠੇ ਮਰਨ ਦਾ।

## ਗੀਤ

ਰੁੱਤ ਬੱਦਲਾਂ ਦੀ ਆ ਗਈ ਸੱਜਣਾ
ਹਲਕੀ ਪੈਂਦੀ ਭੂਰ
ਚੰਦ ਟੱਕਿਆਂ ਦੀ ਖਾਤਰ ਸੱਜਣਾ
ਕਾਹਤੋਂ ਹੋਇਆਂ ਦੂਰ

ਬੱਦਲ ਗਰਜੇ ਬਿਜਲੀ ਕੜਕੇ
ਕਾਲੀਆਂ ਘੋਰ ਘਟਾਵਾਂ
ਆਪਣੇ ਤਨ ਦੀ ਅੱਗ ਨੂੰ ਲੈ ਕੇ
ਮੈਂ ਕਿਧਰ ਨੂੰ ਜਾਵਾਂ
ਡੀਕ ਡੀਕ ਕੇ ਥੱਕੀਆਂ ਅੱਖਾਂ
ਮਨ ਹੋਇਆ ਏ ਚੂਰ

ਪਿਘਲੀ ਜਾਵੇ ਮੇਰੀ ਜਵਾਨੀ
ਮੱਖਣਾਂ ਨਾਲ ਜੋ ਪਾਲੀ
ਆਪੇ ਆ ਸੰਭਾਲ ਏਸ ਨੂੰ
ਹੁਣ ਨਾ ਜਾਏ ਸੰਭਾਲੀ
ਚੰਨ ਵਰਗਾ ਸੀ ਚਿਹਰਾ ਮੇਰਾ
ਹੋ ਗਿਆ ਹੁਣ ਬੇਨੂਰ

ਬੇਕਦਰਾ ਤੂੰ ਕਦਰ ਨਾ ਜਾਣੀ
ਕੀਤਾ ਮੰਦਾ ਹਾਲ
ਪ੍ਰਦੇਸਾਂ 'ਚ ਜਾ ਕੇ ਤੂੰ ਤਾਂ
ਭੁੱਲ ਗਿਓਂ ਸਾਡਾ ਖਿਆਲ
ਕੱਖਾਂ ਦੇ ਵਿਚ ਰੋਲ ਕੇ ਜਾਣਾ
ਇਹ ਕਿਹੜਾ ਦਸਤੂਰ

ਆਪਣੇ ਹੱਥੀਂ ਤੋਰ ਕੇ ਸਜਣਾ
ਕਿਸਮਤ ਕਰ ਲਈ ਖੋਟੀ

ਔਂਸੀਆਂ ਪਾਂਦੀ ਪਾਂਦੀ ਨੂੰ ਹੁਣ
ਧਰਤੀ ਜਾਪੇ ਛੋਟੀ
ਤੂੰ ਮੇਰਾ ਸਿਰਤਾਜ ਵੇ ਸਜਣਾ
ਤੂੰਹੀਓਂ ਕੋਹਿਨੂਰ
ਚੰਦ ਵਾਦਿਆਂ ਦੀ ਖਾਤਰ ਸੱਜਣਾ
ਕਾਹਤੋਂ ਹੋਇਆ ਦੂਰ!

## ਕੌਣ ਚੰਗਾ ਏ

ਇਸ ਦੁਨੀਆਂ 'ਚ ਉਹ ਕੀ ਹੈ
ਹੈ ਤਾਂ ਸਹੀ ਪਰ ਹੈ ਨਹੀਂ
ਉਹ, ਜੋ ਭੁੱਲ ਗਈ,
ਜਾਂ ਉਹ,
ਜਿਨ੍ਹਾਂ ਨੂੰ ਦਿੱਤਾ ਗਿਆ ਭੁਲਾ
ਮੈਂ ਇਸ ਬਾਰੇ
ਫੈਸਲਾ ਕੋਈ ਨਹੀਂ ਕਰ ਸਕਿਆ।

ਭਲਾ ਕੌਣ ਠੀਕ ਏ
ਉਹ, ਜਿਨ੍ਹਾਂ ਨੂੰ ਪਿਆਰ ਕੀਤਾ
ਜਾਂ ਉਹ
ਹੋਣ ਦੇ ਬਾਵਜੂਦ ਵੀ
ਨਹੀਂ ਸੀ ਹੋਏ,
ਨਹੀਂ ਸੀ ਮਿਲੇ
ਮੈਂ ਕੁਝ ਕਹਿ ਨਹੀਂ ਸਕਦਾ

ਕੌਣ ਚੰਗਾ ਏ
ਦੂਰ ਚਲਾ ਗਿਆ ਸੱਜਣ
ਇੰਤਜ਼ਾਰ ਹੈ ਜਿਸਦਾ ਤੁਹਾਨੂੰ
ਜਾਂ ਫਿਰ ਉਹ
ਬਿਨਾ ਇੱਛਾ ਤੋਂ ਬਸ ਐਵੇਂ ਹੀ
ਜਿਸ ਨੂੰ ਤੁਸੀਂ ਮਿਲਦੇ ਹੋ ਰੋਜ਼
ਪਰ ਕੁਝ ਵੀ ਮਹਿਸੂਸ ਨਹੀਂ ਹੁੰਦਾ
ਕੁਝ ਪਤਾ ਨਹੀਂ

ਉਹ ਕਿਹੜੀਆਂ
ਚੀਜ਼ਾਂ ਨੇ ਨਚੱਲੀਆਂ
ਜੋ ਤੇਜ਼ ਨੇ ਬਹੁਤ
ਜਿਨ੍ਹਾਂ 'ਤੇ

ਨਹੀਂ ਕੀਤਾ ਜਾ ਸਕਦਾ ਵਿਸ਼ਵਾਸ
ਕਿ ਉਹ ਫੜੀਆਂ
ਜਾ ਸਕਦੀਆਂ ਨੇ
ਵਗਦਾ,
ਖ਼ੌਰੂ ਪਾਂਦਾ ਦਰਿਆ
ਜਾਂ ਫਿਰ, ਇਹ
ਇਨਸਾਨੀ ਦੁਨੀਆਂ

ਹੁਣ ਤੁਸੀਂ ਹੀ ਦਸੋ ਮੈਨੂੰ
ਮੈਂ ਨਹੀਂ ਕਰ ਸਕਿਆ
ਕੋਈ ਵੀ ਫੈਸਲਾ।

## ਕਿਹੋ ਜਿਹਾ ਸਫਰ

ਮੈਂ ਤਾਂ ਅਜੇ
ਕਦਮ ਹੀ ਪੁੱਟਿਆ ਸੀ
ਮੇਰੇ ਅੱਗੇ
ਸੜਕਾਂ ਦਾ ਜਾਲ ਵਿਛ ਗਿਆ
ਮੈਂ ਅਜੇ
ਦੁਚਿੱਤੀ 'ਚ ਸੀ ਕਿ ਤੁਰਾਂ
ਸੜਕਾਂ ਮੇਰੇ ਕਦਮਾਂ 'ਚ
ਸਿਮਟ ਆਈਆਂ

ਵਕਤ ਲੰਘਦਾ ਗਿਆ
ਸੜਕਾਂ ਛੋਟੀਆਂ ਹੁੰਦੀਆਂ ਗਈਆਂ
ਮੈਂ ਚਾਰੇ ਪਾਸੋਂ ਝਾਤੀ ਮਾਰੀ ਤਾਂ
ਖੁੱਲ੍ਹਾ ਅਸਮਾਨ ਸੀ
ਤੇ ਮੈਂ ਇਸ ਸਭ ਕੁਝ 'ਤੇ
ਹੈਰਾਨ ਸੀ
ਇਹ ਸਾਰਾ ਕੁਝ
ਸੁਪਨੇ ਵਾਂਗ ਆਇਆ ਤੇ
ਸੁਪਨਾ ਬਣ ਟੁੱਟ ਗਿਆ

ਲੋਕ ਕਹਿੰਦੇ
ਮੈਂ ਮੰਜ਼ਿਲ ਪਾ ਲਈ
ਇਕ ਸਫ਼ਰ ਪੂਰਾ ਹੋਇਆ
ਤੇ ਮੈਂ ਸੋਚਦਾ ਰਿਹਾ
ਇਨਸਾਨਾਂ ਦੇ ਜੰਗਲ 'ਚ
ਮੈਂ ਭਟਕ ਰਿਹਾ ਹਾਂ
ਭਰਮਾਇਆ ਜਾ ਰਿਹਾ ਹਾਂ
ਉਕਸਾਇਆ ਜਾ ਰਿਹਾ ਹਾਂ
ਮੈਨੂੰ ਤਾਂ ਇਹ ਵੀ ਸਮਝ

ਨਹੀਂ ਸੀ ਆ ਰਹੀ ਕਿ
ਬਿਨਾ ਕਿਸੇ
ਆਦਿ ਜਾਂ ਅੰਤ ਦੇ
ਭਲਾ ਇਹ ਕਿਹੋ ਜਿਹਾ
ਸਫਰ ਸੀ।

## ਮੈਂ ਦਰਿਆ

ਮੈਂ ਤਾਂ ਤੁਰਦਾ ਹੀ ਗਿਆ
ਸੀਤ ਲਹਿਰਾਂ 'ਚ
ਤੁਰਦਿਆਂ ਕਦੀ
ਬਰਫ ਬਣ ਜੰਮ ਜਾਂਦਾ
ਤੇ ਇੰਤਜ਼ਾਰ ਕਰਦਾ
ਤੂੰ ਆਏਂਗੀ
ਮੈਨੂੰ ਬੁਲਾਏਂਗੀ
ਤੇਰੀ ਛੋਹ ਪਾ
ਮੈਂ ਪਿਘਲ ਜਾਵਾਂਗਾ
ਫਿਰ ਤੇਰੇ ਨਾਲ
ਪਾਣੀ ਬਣ
ਪੱਥਰਾਂ 'ਚ ਤਿਲ੍ਹਕ ਜਾਵਾਂਗਾ
ਦਰਿਆ ਕਹਾਵਾਂਗਾ।

## ਸੋਚ

ਨਦੀ ਤੋਂ
ਦਰਿਆ ਬਣ ਜਾਣਾ
ਫਿਰ, ਸਮੁੰਦਰ 'ਚ ਉਤਰ ਜਾਣਾ
ਇਹ ਮੈਂ ਸੋਚਿਆ ਤਾਂ ਸੀ
ਪਰ ਆਪਣਾ ਆਪ
ਖਤਮ ਕਰ ਦੇਣਾ
ਮਤਲਬ ਕਿ
ਵੱਡਾ ਬਣਨ ਦੀ ਦੌੜ 'ਚ
ਆਪਣੀ ਹੋਂਦ ਗਵਾ ਦੇਣਾ
ਇਹ ਮੈਂ ਨਹੀਂ ਸੋਚਿਆ
ਤੇ ਨਾ ਹੀ ਚਾਹਿਆ ਸੀ

ਇਕੱਲੇਪਨ ਦੇ ਅਹਿਸਾਸ 'ਚ
ਸੋਚ ਦੇ ਘੋੜੇ ਦੌੜਾਨਾ
ਬੁਰਾ ਨਹੀਂ ਹੁੰਦਾ
ਸੁਪਨਿਆਂ ਦਾ ਕੀ ਏ
ਬਣਦੇ ਨੇ ਟੁੱਟ ਜਾਂਦੇ ਨੇ
ਜਿਵੇਂ ਕੋਈ
ਦਿਨ ਦਿਹਾੜੇ ਲੁੱਟ ਜਾਂਦੇ ਨੇ

ਵੈਸੇ
ਦਰਿਆ 'ਚ ਤਾਂ
ਕਦੀ ਵੀ ਉਤਰਿਆ
ਜਾ ਸਕਦਾ ਹੈ

# ਜਾਗਦੀਆਂ ਅੱਖਾਂ ਦਾ ਸੁਪਨਾ

ਬੈਠਾ ਜੋ ਸ਼ੀਸ਼ੇ ਸਾਹਮਣੇ
ਜਾਗਦੀਆਂ ਅੱਖਾਂ 'ਚ ਵਸਾਈ ਸੁਪਨੇ
ਇਹ ਮੈਂ ਹੀ ਹਾਂ

ਪਿਆਰ ਦੇ ਰਾਹਾਂ 'ਚ
ਸੁਪਨਿਆਂ 'ਚ ਖੜ੍ਹੀਆਂ ਦੀਵਾਰਾਂ
ਪਿਘਲ ਜਾਂਦੀਆਂ ਨੇ ਇਸ ਤਰ੍ਹਾਂ
ਸ਼ੀਸ਼ੇ ਤੇ ਜੰਮਿਆ ਕੋਰਾ
ਥੋੜ੍ਹੇ ਜਿਹੇ ਸੇਕ ਨਾਲ
ਤਿਲਕ ਜਾਂਦਾ ਹੈ ਜਿਸ ਤਰ੍ਹਾਂ

ਜਦੋਂ ਕਦੀ ਵੀ
ਸੁੱਕੀ ਘਾਹ 'ਚ
ਉਗ ਆਣ ਜੇ ਫੁੱਲ ਕਦੇ
ਸਮਝੋ ਇਸ ਸੁਨੇਹੇ ਨੂੰ ਕਿ
ਬਸ ਹੁਣ ਤਾਂ
ਬਦਲਣ ਵਾਲੀ ਹੈ ਰੁੱਤ

ਸੁਪਨਿਆਂ ਦੇ ਵਾਂਗ ਹੀ
ਪਾਰਦਰਸ਼ੀ ਕਪੜੇ ਪਾਈ
ਹੌਲੀ ਹੌਲੀ ਕੋਈ ਛੂਹ ਜਾਂਦਾ ਹੈ
ਬਸ ਜਿਵੇਂ ਕੁਝ ਪਿਘਲ ਜਾਂਦਾ ਹੈ

ਉਡ ਰਿਹਾ ਹਾਂ ਵਿਚ ਹਵਾਵਾਂ
ਖੋਲ੍ਹ ਕੇ ਆਪਣੀ ਬਾਹਾਂ
ਉਹ ਮੈਂ ਹੀ ਹਾਂ
ਵਧਦੇ ਨੇ ਜਿਸਦੇ ਹੱਥ
ਕਿਸੇ ਨੂੰ ਛੂਹ ਜਾਣ ਲਈ
ਚਲਦਾ ਹੈ ਜਿਵੇਂ ਕੋਈ ਨੀਂਦ ਵਿਚ

ਲਭ ਰਿਹਾ ਹੋਵੇ ਜਿਵੇਂ ਕੋਈ
ਆਪਣਾ ਕਿਸੇ ਨੂੰ ਪਾਣ ਲਈ

ਜਾਗਦੀਆਂ ਅੱਖਾਂ 'ਚ ਸੁਪਨੇ ਲਈ
ਹਵਾਵਾਂ 'ਚ ਉਡਦਾ
ਸ਼ਾਇਦ ਕੋਈ ਮੰਡਰਾਉਂਦਾ ਚੁੰਮਣ
ਮੇਰੇ ਬੁੱਲ੍ਹਾਂ 'ਤੇ ਆ ਬੈਠੇ

ਕਈ ਵਾਰ ਤਾਂ
ਇਸ ਤਰ੍ਹਾਂ ਵੀ ਲੱਗਾ ਕਿ
ਕੋਈ ਚੁੰਮਣ
ਮੇਰੇ ਆਸ ਪਾਸ ਮੰਡਰਾਉਂਦਾ ਪਿਆ ਹੋਵੇ
ਮੇਰੇ ਹੋਂਠ ਗੋਲ ਹੁੰਦੇ ਰਹੇ
ਆਪਣੇ ਆਪ ਨੂੰ
ਆਪਣੀਆਂ ਹੀ ਬਾਹਾਂ 'ਚ
ਭਰਦੇ ਰਹੇ

ਬਸ ਇਹ ਸਾਰੇ
ਜਾਗਦੀਆਂ ਅੱਖਾਂ ਦੇ ਸੁਪਨੇ ਨੇ
ਜੋ ਮੈਂ ਸ਼ੀਸ਼ੇ ਸਾਹਵੇਂ ਬੈਠ ਕੇ
ਦੇਖ ਰਿਹਾ ਹਾਂ।

## ਥੋੜ੍ਹੀ ਦੂਰ ਹੋਰ ਚੱਲੀਏ

ਮੈਂ ਜਦੋਂ ਵੀ ਚਾਹਿਆ
ਰੁਕ ਜਾਣਾ
ਤੂੰ ਹਰ ਵਾਰ ਕਿਹਾ ਮੈਨੂੰ
ਚਲੋ, ਥੋੜ੍ਹੀ ਦੂਰ ਹੋਰ ਚੱਲੀਏ

ਛੋਟੇ ਬੱਚਿਆਂ ਦੀ ਖਾਤਰ
ਰੁੱਕ ਗਈ ਤੂੰ ਹੀ ਪਿੱਛੇ
ਤੇ ਮੈਂ ਚਲਦਾ ਹੀ ਗਿਆ
ਇਨਸਾਨਾਂ ਜਿਹੇ
ਹੈਵਾਨਾਂ ਦੇ ਜੰਗਲ 'ਚੋਂ
ਗੁਜ਼ਰਦਾ ਗਿਆ

ਲੋਕ ਮਿਲਦੇ ਰਹੇ
ਵਿਛੜਦੇ ਰਹੇ
ਕੁਝ ਹੱਥਾਂ 'ਚ ਨਵੇਂ ਝੰਡੇ ਲਈ
ਜ਼ਹਿਰ ਉਗਲਦੇ ਰਹੇ
ਉਬਲਦੇ ਰਹੇ
ਖੜ੍ਹੀ ਕਰਨ ਦੇ ਲਈ
ਇਕ ਮੁਸ਼ਤੱਰਕਾ ਦੀਵਾਰ
ਵੈਸੇ ਇਹ ਲੋਕ
ਜਾਣੇ ਪਛਾਣੇ ਲਗੇ
ਕੁਝ ਆਪਣੇ ਜਿਹੇ
ਕੁਝ ਆਪਣੇ ਹੀ ਹਮਸਾਏ ਜਿਹੇ

ਕੁਝ ਲੋਕ
ਜ਼ਾਤ ਦੀ ਗੱਲ ਨੂੰ
ਜਮਾਤ ਦੀ ਗੱਲ
ਬਨਾਣ ਦੀ ਕੋਸ਼ਿਸ਼ ਕਰਦੇ ਰਹੇ
ਹੱਥਾਂ 'ਚ ਸੰਗੀਨਾਂ ਲੈ



ਇਨਸਾਨਾਂ ਨੂੰ ਮਾਰਦੇ
ਤੇ ਖੁਦ ਵੀ ਮਾਰਦੇ ਰਹੇ
ਇਹ ਲੋਕ
ਅੱਗ ਉਗਲਦੇ ਰਹੇ
ਭੇਸ ਬਦਲਦੇ ਰਹੇ
ਇਤਿਹਾਸ ਨੂੰ ਮਿਥਹਾਸ
ਬਣਾਂਦੇ ਰਹੇ
ਆਪਣੇ ਘਰ ਸਜਾਂਦੇ ਰਹੇ
ਕਫਨ ਨੀਲਾਮ ਕਰਦੇ ਰਹੇ
ਝੋਲੀਆਂ ਭਰਦੇ ਰਹੇ
ਤੇ ਹੁਣ
ਨਾ ਉਹ ਸਿਰ ਰਹੇ
ਤੇ ਨਾ ਉਹ ਸਿਰਦਾਰੀ

ਅਖ਼ਬਾਰਾਂ 'ਚ ਦਿਸਦੇ ਰਹੇ
ਖ਼ੂਨ ਭਰੇ ਚਿਹਰੇ
ਇਹ ਕੌਣ ਹਨ
ਕਿਸ ਜ਼ਾਤ ਦੇ ਹਨ
ਕਿਸ ਔਕਾਤ ਦੇ ਹਨ
ਇਹ ਤਾਂ ਨਾ ਮੈਂ ਸਮਝ ਸਕਿਆ
ਪਰ ਹਰ ਚਿਹਰਾ ਮੈਨੂੰ
ਇਨਸਾਨ ਹੀ ਦਿਸਦਾ ਰਿਹਾ
ਕਿਵੇਂ ਲਗਦਾ ਹੈ
ਆਪਣਿਆਂ ਤੋਂ ਬਿਗਾਨਾ ਹੋ ਜਾ ਜਾਣਾ
ਆਪਣੇ ਹੀ ਦੇਸ 'ਚ
ਸ਼ਹਿਰ ਬਦਲ ਲੈਣ ਨਾਲ
ਸ਼ਰਨਾਰਥੀ ਬਣ ਜਾਣਾ

ਸ਼ਹਿਰ ਉਹੀ ਹੈ
ਲੋਕ ਉਹੀ ਹਨ
ਅਤੇ ਸੜਕਾਂ ਵੀ ਉਹੀ ਹਨ
ਪਰ ਹੁਣ
ਦੇਰ ਰਾਤ ਤੱਕ
ਘੁੰਮਣ ਦੀ ਮਨਾਹੀ ਹੈ
ਇਹ ਮਨਾਹੀ ਸਰਕਾਰੀ ਨਹੀਂ
ਸਿਰਫ ਆਪਣੇ ਮਨ ਦਾ ਡਰ ਹੈ

ਪਿਛਲੀ ਵਾਰ ਜਦੋਂ ਮੈਂ, ਤੈਨੂੰ
ਇਹ ਲਿਖਿਆ ਸੀ ਸਭ ਕੁਝ
ਤੂੰ ਸਿਰਫ ਐਨਾ ਹੀ ਲਿਖ ਭੇਜਿਆ ਸੀ
'ਗਮ ਨੇ ਕਿ ਮੁੜ ਮੁੜ ਆਣਗੇ
ਵਾਰ ਵਾਰ ਇਹ ਸਤਾਣਗੇ

ਇਨ੍ਹਾਂ ਤੋਂ ਘਬਰਾਣਾ ਕੀ
ਡਰ ਕੇ ਮਰ ਜਾਣਾ ਕੀ
ਇਨ੍ਹਾਂ ਨਾਲ ਲੜਦੇ ਹੋਏ
ਸੁਪਨੇ ਸਜਾਂਦੇ ਹੋਏ
ਬਸ, ਥੋੜ੍ਹੀ ਦੂਰ ਹੋਰ ਚਲੀਏ ।'

## ਸਭ ਕੁਝ ਹੋਵੇਂ

ਕਈ ਵਾਰ
ਸਰਸਰਾਂਦੀ ਹੋਈ
ਕੋਈ ਗੀਤ ਗਾਂਦੀ ਹੋਈ
ਹਵਾ ਜਦੋਂ ਦਰਖਤਾਂ ’ਚੋਂ
ਗੁਜ਼ਰਦੀ ਹੈ
ਇਸ ਤਰ੍ਹਾਂ ਲੱਗਦਾ ਹੈ ਮੈਨੂੰ
ਜਿਵੇਂ ਤੂੰ, ਹੁਣੇ ਹੁਣੇ
ਹਵਾ ਦੇ ਨਾਲ ਮਿਲ ਗਈ ਹੋਵੇਂ
ਤੇ ਫਿਰ ਇਕ ਨਾਜ਼ੁਕ ਛੋਹ
ਇਕ ਤਾਰ ਜਿਹੀ ਛੇੜ ਜਾਂਦੀ ਹੈ
ਤੇ ਸਰੀਰ
ਝੁਨਝੁਨਾ ਉੱਠਦਾ ਹੈ
ਜਿਵੇਂ ਕੋਈ ਨਗਮਾ
ਗੁਣਗੁਣਾ ਉੱਠਦਾ ਹੈ

ਕਦੀ ਦੂਰ ਪਹਾੜਾਂ ’ਤੇ
ਜੰਮੀ ਹੋਈ ਬਰਫ ਤੇ
ਠਹਿਰੀ ਹੋਈ ਧੁੰਦ ਨੂੰ
ਜਿਵੇਂ ਤੂੰ ਹੁਣੇ ਹੁਣੇ ਛੂਹਿਆ ਹੋਵੇ
ਬਸ ਇਸ ਤਰ੍ਹਾਂ ਲੱਗਾ ਸੀ
ਕਿ ਠਹਿਰੀ ਹੋਈ ਧੁੰਦ ’ਚ
ਹਰਕਤ ਆ ਗਈ ਹੋਵੇ
ਤੇ ਤੇਰੇ ਇਰਦ ਗਿਰਦ
ਮੰਡਰਾ ਰਹੀ ਹੋਵੇ
ਮੇਰੇ ਵੱਲ ਵੇਖ ਕੇ
ਤੂੰ ਮੁਸਕਰਾਈ ਸੀ
ਜਿਵੇਂ ਤੂੰ ਸਭ ਕੁਝ ਹੋਵੇਂ।

## ਪਿਆਰ ਕਰੀਏ

ਮੈਂ ਚਾਹਿਆ ਸੀ ਕਦੀ
ਡਰਦੇ ਹੋਏ ਗਮਾਂ ਤੋਂ
ਸਿਮਟ ਜਾਈਏ
ਪਰ ਤੂੰ ਕਿਹਾ ਸੀ
ਟੁੱਟੇ ਪਤਵਾਰ ਤਾਂ ਕੀ
ਸੁਮੰਦਰ ਵਿਚਕਾਰ ਹਾਂ ਤਾਂ ਕੀ
ਕਿਸ਼ਤੀ ਡੁਬ ਜਾਵੇਗੀ ਤਾਂ ਕੀ
ਆਓ, ਪਿਆਰ ਕਰੀਏ
ਵਕਤ ਤੋਂ ਨਾ ਡਰੀਏ
ਡੁੱਬ ਜਾਣ ਦਈਏ।


# ਮੇਲਾ ਵੈਸਾਖੀ ਦਾ?

ਕਦੀ
ਚਾਤ੍ਰਿਕ ਦਾ ਜੱਟ
ਦਮਾਮੇ ਮਾਰਦਾ
ਮੇਲੇ ਆਉਂਦਾ ਸੀ
ਵੰਝਲੀ ਵਜਾਉਂਦਾ ਸੀ
ਕੰਨ 'ਤੇ ਹੱਥ ਰੱਖ
ਕੋਈ ਸੱਦ ਲਾਉਂਦਾ ਸੀ

ਪਰ ਨਾ ਹੁਣ
ਉਹ ਜੱਟ ਹੀ ਰਹੇ
ਤੇ ਨਾ ਹੀ ਮੇਲੇ

ਨਾ ਤਾਂ ਹੁਣ ਦੰਗਲਾਂ ਦਾ
ਅਖਾੜਾ ਹੀ ਬਝਦਾ ਹੈ
ਤੇ ਨਾ ਹੀ ਹੁਣ ਕੋਈ
ਦਾਰੂ ਪੀ ਕੇ
ਬੁਲਬੁਲੀਆਂ ਮਾਰ
ਪਿੜ 'ਚ ਗਜਦਾ ਹੈ
ਠੀਕ ਹੀ ਕਿਹਾ ਹੈ
ਹੁਣ ਨਹੀਂ ਰਹੇ ਉਹ ਮੇਲੇ
ਵੰਝਲੀ ਵੇਚ ਕੇ ਵੀ
ਕਿਸਾਨ ਦੇ ਪੱਲੇ
ਨਾ ਪਏ ਪੈਸੇ ਧੇਲੇ

ਹੁਣ ਮੇਲੇ, ਮੇਲੇ ਨਹੀਂ
ਸਿਆਸੀ ਅਖਾੜੇ ਲਗਦੇ ਨੇ
ਤੇ ਫਿਰ
ਇਨ੍ਹਾਂ ਦੀ ਸੁਰ 'ਤੇ
ਢੋਲ, ਨਗਾਰੇ ਵੱਜਦੇ ਨੇ
ਨੀਵਾਂ ਦਿਖਾਣ ਲਈ



ਇਕ ਦੂਜੇ ਨੂੰ, ਬਸ
ਦਮਗਜੇ ਸੁਣਾਈ ਦੇਂਦੇ ਨੇ
ਹੋਰ ਕੁਝ ਨਹੀਂ ਹੁੰਦਾ

ਫਿਰ ਇਕ ਕੋਈ
ਦੁੱਖ ਭਰੀ ਖਬਰ ਆਉਂਦੀ ਹੈ
ਵਰਲਾਪ ਕਰਦੀ ਹੋਈ
ਸੋਗੀ ਸੁਰ ਗਾਉਂਦੀ ਹੈ
ਕੁਝ ਇਸ ਨੂੰ
ਖੁਦਕੁਸ਼ੀ ਕਹਿੰਦੇ ਨੇ
ਤੇ ਕੁਝ,
ਸਭ ਕੁਝ
ਚੁੱਪ ਚਾਪ ਸਹਿੰਦੇ ਨੇ
ਬਿਆਨ ਦਾਗੇ ਜਾਂਦੇ ਨੇ
'ਅਸਿਹ ਤੇ ਅਕਿਹ ਸਦਮੇ'

ਦੇ ਬਿਆਨ ਆਉਂਦੇ ਨੇ
ਹੋਰ ਕੁਝ ਨਹੀਂ ਹੁੰਦਾ
ਦੁਨੀਆਂ, ਆਮ ਵਾਂਗ
ਚਲਦੀ ਰਹਿੰਦੀ ਹੈ
ਤੇ ਕੁਝ ਹੋਰ....
.... ਹੋਰ ਪਤਾ ਨਹੀਂ

ਜਦੋਂ ਦਮਾਮੇ ਮਾਰਦੇ
ਲੋਕ ਮੇਲਿਆਂ 'ਚ ਆਉਂਦੇ ਸਨ
ਭੰਗੜੇ ਪਾਉਂਦੇ ਸੀ
ਕੰਨਾਂ 'ਤੇ ਹੱਥ ਰੱਖ
ਸਦਾਂ ਲਾਉਂਦੇ ਸੀ

ਮੇਲੇ ਤਾਂ ਹੁਣ ਵੀ ਲਗਦੇ ਨੇ
ਪਰ ਚਾਤ੍ਰਿਕ ਵਾਲੇ ਨਹੀਂ
ਵੈਸੇ ਵੀ ਹੁਣ
ਵੰਝਲੀਆਂ ਵੀ ਕਿੱਥੇ ਰਹੀਆਂ
ਹੁਣ ਤਾਂ
ਕੈਸੇਟਾਂ ਦਾ ਜ਼ਮਾਨਾ ਏ।

## ਸਮੁੰਦਰ ਬਣ ਜਾਈਏ

ਹੱਥਾਂ 'ਚ ਹੱਥ ਫੜ
ਚੱਲ ਕਿਤੇ ਉਡ ਜਾਈਏ
ਵਾਪਸ ਨਾ ਆਈਏ

ਠਹਿਰੀ ਹੋਈ ਧੁੰਦ 'ਚ ਕਿਤੇ
ਕੋਰਾ ਬਣ ਜੰਮ ਜਾਈਏ
ਤੇ ਫਿਰ ਇੰਤਜ਼ਾਰ ਕਰੀਏ
ਤਪਦੀ ਦੁਪਹਿਰ ਦਾ

ਡਿਗਦੇ ਝਰਨਿਆਂ ਦੇ
ਵਗਦੇ ਹੋਏ ਪਾਣੀ 'ਚ
ਕਤਰਾ ਬਣ ਡਿਗ ਜਾਈਏ

ਕਤਰਾ ਬਣ ਡਿੱਗ ਜਾਈਏ
ਨਦੀ ਬਣ ਨਿਕਲ ਜਾਈਏ
ਦਰਿਆ 'ਚ ਮਿਲ ਜਾਈਏ

ਦਰਿਆ ਬਣ ਨਿਕਲ ਜਾਈਏ
ਸਮੁੰਦਰ 'ਚ ਮਿਲ ਜਾਈਏ
ਬਸ, ਸਮੁੰਦਰ ਹੀ ਬਣ ਜਾਈਏ

# ਖਾਮੋਸ਼ ਚਿਹਰੇ

ਪਤਾ ਨਹੀਂ
ਉਹ ਆਦਮੀ
ਖਾਮੋਸ਼ ਚਿਹਰਿਆਂ ਦਾ
ਅਨੁਵਾਦ ਕਰਨ ਦੀ
ਕਿਉਂ ਕੋਸ਼ਿਸ਼ ਕਰਦਾ ਰਹਿੰਦਾ ਹੈ
ਤੇ ਫਿਰ
ਕੁਝ ਨਾ ਕਰ ਸਕਣ ਦੇ
ਹਾਲਾਤ 'ਚ
ਭਟਕਦਾ ਰਹਿੰਦਾ ਹੈ

ਖਾਲੀਪਨ ਨੂੰ ਘੂਰਦਾ ਹੈ
ਜਿਵੇਂ ਕੁਝ
ਗੁਆਚ ਗਿਆ ਹੋਵੇ
ਤੇ ਫਿਰ
ਪਤਾ ਨਹੀਂ ਕੀ
ਬੁੜਬੁੜਾਂਦਾ ਹੈ
ਸ਼ਾਇਦ
ਖਾਮੋਸ਼ ਚਿਹਰਿਆਂ ਦਾ
ਅਨੁਵਾਦ ਸੁਣਾ ਰਿਹਾ ਹੋਵੇ

ਉਸ ਨੂੰ ਲਗਦਾ ਹੈ ਕਿ
ਖਾਮੋਸ਼ ਚਿਹਰੇ
ਐਨੇ ਖਾਮੋਸ਼ ਨਹੀਂ ਹੁੰਦੇ
ਬੜਾ ਕੁਝ
ਇਨ੍ਹਾਂ ਚਿਹਰਿਆਂ 'ਤੇ
ਬਦਲਦਾ ਰਹਿੰਦਾ ਹੈ
ਕਈ ਵਾਰ ਤਾਂ
ਇਸ ਤਰ੍ਹਾਂ ਲੱਗਦਾ ਹੈ
ਜਿਵੇਂ ਚਿਹਰਾ

ਵਾਵਰੋਲੇ 'ਚ
ਗੁੰਮ ਹੋ ਗਿਆ ਹੋਵੇ

ਤੁਸੀਂ ਵੀ ਕਿਤੇ
ਐਵੇਂ ਹੀ
ਖਾਮੋਸ਼ ਚਿਹਰੇ
ਪੜ੍ਹਨ ਦੀ
ਜਾਂ ਅਨੁਵਾਦ ਕਰਨ ਦੀ
ਕੋਸ਼ਿਸ਼ ਨਾ ਕਰਨਾ
ਇਹ ਬੜਾ ਦੁਖੀ ਕਰਦੇ ਨੇ।

## ਇਨਕਲਾਬ

ਇਹ ਬਸਤੀ
ਜਿਸਦੀ ਕੀਮਤ
ਗਾਲ੍ਹ ਦੇਣ ਤੋਂ ਵੀ ਸਸਤੀ
ਮਿਟ ਚੁੱਕੀ ਹੈ
ਬੜਾ ਅਰਸਾ ਪਹਿਲੇ
ਜਿਸਦੀ ਹਸਤੀ

ਇਹ ਲੋਕ
ਉਦਾਸ ਅੱਖਾਂ ਲਈ ਇਹ ਲੋਕ
ਕੁਝ ਲਭਣ 'ਚ ਮਗਨ
ਹਾਏ!
ਇਨ੍ਹਾਂ ਦੀ ਲਗਨ

ਬੇਰੰਗ
ਲੀਰੋ ਲੀਰ ਹੋਏ
ਇਨਕਲਾਬੀ ਝੰਡੇ
ਕਈ ਜਗ੍ਹਾ ਤਾਂ ਸਿਰਫ
ਦਿਖਾਈ ਦੇਂਦੇ ਨੇ
ਇਨ੍ਹਾਂ ਦੇ ਡੰਡੇ

ਹੁਣ ਤਾਂ
ਨੇਤਾ ਵੀ ਨਹੀਂ ਆਂਦੇ
ਇਨ੍ਹਾਂ ਉਦਾਸ ਲੋਕਾਂ ਕੋਲ
ਡਰਦੇ ਨੇ
ਕਿਤੇ ਇਨ੍ਹਾਂ ਦੀ ਤਰ੍ਹਾਂ
ਕਿਤੇ ਇਹ ਵੀ
ਉਦਾਸ ਨਾ ਹੋ ਜਾਣ

ਇਨਕਲਾਬ
ਇਨ੍ਹਾਂ ਦੇ ਘਰ ਤਾਂ ਨਹੀਂ
ਪਰ ਨੇਤਾਵਾਂ ਦੇ ਘਰਾਂ 'ਚ
ਆਇਆ ਏ ਜ਼ਰੂਰ
ਕਿਸੇ ਚਤੁਰ ਵਪਾਰੀ ਦੀ ਤਰ੍ਹਾਂ
ਇਹ ਅਜੇ ਵੀ ਕਹਿੰਦੇ ਨੇ
ਤੁਹਾਡੇ ਵੀ ਘਰਾਂ 'ਚ ਵੀ
ਆਵੇਗਾ ਇਨਕਲਾਬ
ਤੇ ਫਿਰ
ਜ਼ਿੰਦਾਬਾਦ ਕਹਾਵੇਗਾ।

## ਮੇਰੀ ਰਿਤੂ

ਪਤਾ ਨਹੀਂ
ਉਹ ਕੀ ਸੀ
ਜੋ ਮੇਰੇ ਆਸ ਪਾਸ
ਮੰਡਰਾਂਦੀ ਰਹੀ
ਕਦੀ ਉਹ
ਪਿਆਰ ਕਰਦੀ ਰਹੀ
ਕਦੀ ਤੜਪਾਂਦੀ ਰਹੀ

ਪਤਾ ਨਹੀਂ
ਉਹ ਕੀ ਸੀ
ਕਦੀ ਪ੍ਰੇਮਿਕਾ ਬਣ
ਸਾਹਮਣੇ ਆਂਦੀ ਰਹੀ
ਤੇ ਕਦੀ
ਮਮਤਾ ਮਈ
ਪਿਆਰ ਬਰਸਾਂਦੀ ਰਹੀ

ਬੜਾ ਮੈਂ ਲੋਚਦਾ
ਉਸ ਨੂੰ ਫੜ ਲਵਾਂ
ਤੇ ਕਹਾਂ
ਹੁਣ ਤਾਂ ਠਹਿਰ ਜਾ
ਬੜੀ ਦੌੜ ਭੱਜ ਕਰ ਲਈ
ਉਹ ਤਾਂ ਬਸ
ਫੜ ਕੇ
ਮੇਰਾ ਚਿਹਰਾ
ਚੁੰਮਦੀ ਰਹੀ
ਪਿਆਰਦੀ ਰਹੀ
ਤੇ ਦੁਲਾਰਦੀ ਰਹੀ
ਤੇ ਮੇਰੇ ਵਾਲਾਂ 'ਚ
ਫੇਰ ਕੇ ਹੱਥ



ਮੇਰੀਆਂ ਅੱਖਾਂ 'ਚ
ਅੱਖਾਂ ਪਾ
ਦੇਖਦੀ.....

ਕਈ ਵਾਰ
ਉਹ ਟਿੱਕ-ਟਿੱਕੀ ਲਾ
ਦੇਖਦੀ ਰਹਿੰਦੀ
ਲਗਦਾ ਜਿਵੇਂ
ਸੋਚ ਦੀ ਕਿਸੇ
ਡੂੰਘਾਈ 'ਚ ਉਤਰ ਗਈ
ਸੋਚਾਂ 'ਚ ਡੁੱਬੀ ਰਹਿੰਦੀ
ਸੋਚ 'ਚੋਂ
ਪਰਤ ਆਣ 'ਤੇ
ਚੁੱਪ ਹੀ ਰਹਿੰਦੀ
ਕੁਝ ਨਾ ਕਹਿੰਦੀ
ਬਸ ਮੁਸਕਰਾਂਦੀ
ਤੇ ਫਿਰ

ਬਿਨ ਪਰਾਂ ਦੇ
ਕਿਤੇ ਉਡਾਰੀ
ਮਾਰ ਜਾਂਦੀ

ਇਹ ਮੇਰੇ ਸਭ ਕੁਝ ਏ
ਮੇਰੇ ਚਿਤਰਾਂ ਦੀ
ਨਾਇਕਾ ਹੈ
ਮੇਰੇ ਰੰਗਾਂ ਦੀ
ਖੁਸ਼ਬੋ
ਮੇਰੇ ਜੀਵਨ ਦ
ਆਰ-ਪਾਰ ਹੈ ਇਹ

ਮੇਰੀਆਂ ਉਮੰਗਾਂ
ਸੱਧਰਾਂ
ਸਭ ਪੂਰੀਆਂ ਕੀਤੀਆਂ
ਇਸ ਨੇ
ਮੈਂ ਤਾਂ ਭਟਕਦਾ
ਫਿਰਦਾ ਸੀ
ਹਵਸ ਦੇ ਖੰਡਰਾਂ 'ਚ
ਇਸ ਨੇ ਮੈਨੂੰ
ਕਲਾਵੇ 'ਚ ਆਪਣੇ
ਲੈ ਲਿਆ
ਬਿਨਾਂ ਕੋਈ
ਅਗਨੀ ਪ੍ਰੀਖਿਆ ਲਿਆਂ
ਪਤਾ ਨਹੀਂ ਉਹ
ਕੀ ਸੀ
ਕੋਈ ਪਰੀ ਸੀ
ਹਵਾ ਸੀ ਜਾਂ
ਸ਼ਾਖਸਾਤ ਮੂਰਤੀ
ਪਰ ਉਸਨੇ

ਮੈਨੂੰ ਕਦੀ
ਪੂਜਾ ਨਾ ਕਰਨ ਦਿੱਤੀ
ਆਪਣੀ

ਕਈ ਵਾਰੀ
ਇਸ ਤਰ੍ਹਾਂ ਲਗਦਾ
ਕੁਝ ਵੀ ਨਹੀਂ ਰਿਹਾ ਮੇਰਾ
ਤੇ ਸਭ ਕੁਝ
ਇਸ ਨੇ ਮੈਥੋਂ ਖੋਹ ਲਿਆ
ਸ਼ਾਇਦ
ਉਹ ਨਹੀਂ ਜਾਣਦੀ
ਸ਼ਾਇਦ ਉਹ
ਕੁਝ ਨਹੀਂ ਜਾਣਦੀ

ਸੁਨਸਾਨ ਰਾਹਾਂ 'ਤੇ
ਤੂਫਾਨਾਂ ਜਾਂ
ਤੇਜ਼ ਹਵਾਵਾਂ 'ਚ
ਇਹ ਮੇਰੇ ਨਾਲ ਸੀ
ਕਦੀ ਮਹਿਸੂਸ ਵੀ ਨਾ ਹੋਇਆ
ਕਿ ਮੈਂ ਇਕੱਲਾ ਹਾਂ
ਹਮੇਸ਼ਾ
ਇਸ ਦੀ ਆਵਾਜ਼
ਆਂਦੀ ਰਹੀ
ਚਲੋ, ਅਜੇ ਰੁਕਣਾ ਨਹੀਂ
ਅਜੇ ਤਾਂ ਆਪਾਂ
ਸੁਪਨਿਆਂ ਦੀ
ਧਰਤੀ ਤਕ ਜਾਣਾ ਏਂ
ਅਜੇ ਤਾਂ ਆਪਾਂ
ਸੁਪਨਿਆਂ ਨੂੰ ਸਜਾਣਾ ਏਂ
ਚਿੰਤਾ ਨਾ ਕਰ

ਮੈਂ ਤੇਰੇ
ਅੰਗ ਸੰਗ ਰਹਾਂਗੀ
ਤੈਨੂੰ ਕਦੀ
ਭਟਕਣ ਨਹੀਂ ਦਿਆਂਗੀ

ਵਕਤ ਸੀ
ਆਪਣੀ ਤੋਰ ਤੁਰਦਾ ਗਿਆ
ਵਕਤ ਦੇ ਨਾਲ ਨਾਲ
ਮੈਂ ਹਰ ਮੋੜ ਮੁੜਦਾ ਗਿਆ
ਮੈਨੂੰ ਦਰੋਪਦੀ
ਪ੍ਰਾਪਤ ਕਰਨ ਲਈ
ਨਹੀ ਸੀਂ ਚਲਣਾ ਪਿਆ
ਕੋਈ ਤੀਰ
ਤੇ ਨਾ ਹੀ ਕੋਈ
ਧਿਆਣਾ ਪਿਆ ਕੋਈ ਤੀਰ
ਦਰੋਪਦੀ
ਮੇਰੀਆਂ ਬਾਹਾਂ 'ਚ ਰਹੀ
ਮੇਰੀਆਂ ਸਾਹਾਂ 'ਚ ਰਹੀ
ਕਿਉਂਕਿ
ਉਸ ਨੇ
ਆਪਣੇ ਮਾਪਿਆਂ
ਵਲੋਂ ਦਿੱਤਾ
ਤੀਰਾਂ ਦਾ ਭਥਾ
ਤੋੜ ਦਿੱਤਾ ਸੀ
ਤੇ ਸਿੱਧੀ
ਵਰਮਾਲਾ
ਆਪਣੇ ਰਾਜੇ ਦੇ
ਗਲੇ 'ਚ ਪਾ ਦਿੱਤੀ
ਮੈਂ ਤਾਂ ਬਸ
ਇਕੱਲਾ ਹੀ.. ਪਾਂਡਵ ਸੀ

ਵਕਤ
ਗੁਜ਼ਰਦਾ ਗਿਆ
ਵਕਤ ਬਦਲਦਾ ਗਿਆ
ਇਕ ਤੂੰ ਸੀ
ਜਿਸ ਕਰਕੇ
ਮੌਸਮ
ਆਪਣੇ ਰੰਗ ਬਦਲਦੇ ਗਏ
ਕਿਉਂਕਿ
ਤੂੰ ਰਿਤੂ ਸੀ
ਤੇ ਹਰ ਮੌਸਮ
ਤੇਰੇ ਚਰਨੀ ਬੈਠੇ
ਬਦਲਣ ਦਾ
ਇੰਤਜ਼ਾਰ ਕਰਦੇ ਸਨ
ਤੇਰੇ ਹੁਕਮਾਂ ਦਾ
ਤੇ ਤੂੰ
ਪ੍ਰਕਾਸ਼ ਨੂੰ
ਹਨੇਰੇ 'ਚੋਂ ਕਢਣ ਲਈ
ਉਸਦਾ ਮਾਹੌਲ
ਵਾਤਾਵਰਨ ਤੇ ਹੋਰ...
ਪਤਾ ਨਹੀਂ ਕੀ ਕੁਝ
ਬਦਲਣ ਦੀ ਕੋਸ਼ਿਸ਼ 'ਚ ਰਹੀ

ਵਕਤ ਆਪਣੀ ਚਾਲੇ
ਚਲਦਾ ਰਿਹਾ
ਤੇ ਤੂੰ
ਆਪਣੀ ਚਾਲੇ
ਪਰ ਵਕਤ ਦੀ ਲਗਾਮ
ਤੇਰੇ ਹੀ ਹੱਥਾਂ 'ਚ ਰਹੀ
ਜ਼ਿੰਦਗੀ ਦੇ ਹੋਰ ਮੋੜ 'ਤੇ
ਯਾਦ ਆਉਂਦੀ ਰਹੀ
ਤੇਰੀ ਕੋਈ ਨਾ ਕੋਈ ਗੱਲ ਕਹੀ


ਇਕ ਵਾਰ ਜਦੋਂ ਤੂੰ
ਲਿਖਿਆ ਸੀ
'ਪ੍ਰਕਾਸ਼ ਤੋਂ ਬਗੈਰ
ਰਿਤੂ ਅਧੂਰੀ ਏ'
ਲਗਾ
ਜਿਵੇਂ ਤੇਰੇ ਅੰਦਰ
ਅਹਿਸਾਸ ਨਹੀਂ
ਕੋਈ ਕਵਿਤਾ
ਫੁੱਟ ਆਈ ਹੋਵੇ
ਕਿੰਨਾ ਚੰਗਾ ਲਗਾ ਸੀ।

# ਮਿਲਣ ਆਵਾਂਗਾ

ਦੋਸਤ
ਕਿਸੇ ਦਿਨ
ਮਿਲਾਂਗੇ ਜ਼ਰੂਰ
ਅਜੇ ਤਾਂ ਮੌਸਮ
ਖੁਸ਼ਗਵਾਰ ਨਹੀਂ ਏ
ਲਗਦਾ ਏ
ਜਿਵੇਂ ਚਾਰੇ ਪਾਸੇ
ਕਾਲੀ ਬੋਲੀ ਹਨੇਰੀ
ਚਲ ਰਹੀ ਹੋਵੇ

ਹਰ ਆਦਮੀ
ਆਪਣੇ ਘਰ ਦਾ
ਰਸਤਾ ਲੱਭ ਰਿਹਾ ਏ
ਜਦ ਵੀ ਕਦੀ
ਮੈਂ ਭਟਕਣ 'ਚੋਂ
ਨਿਕਲ ਆਇਆ
ਜਾਂ ਫਿਰ
ਜਦੋਂ ਕਦੀ ਵੀ
ਸੂਰਜ ਨਿਕਲੇਗਾ
ਮੈਂ ਤੈਨੂੰ
ਜ਼ਰੂਰ ਮਿਲਣ ਆਵਾਂਗਾ
ਪਰ ਤੂੰ ਉਡੀਕੀ ਨਾ

ਪਤਾ ਨਹੀਂ
ਕਿਤੇ ਮੈਂ ਵੀ
ਹਨੇਰੇ 'ਚ ਭਟਕ ਨਾ ਜਾਵਾਂ
ਇਹ ਮੈਂ
ਇਸ ਲਈ
ਕਹਿ ਰਿਹਾ ਹਾਂ ਕਿ



ਸੂਰਜ ਦੀ ਤਲਾਸ਼
ਆਪਣਿਆਂ ’ਚੋਂ
ਕਿਸੇ ਨਾ ਕਿਸੇ ਨੂੰ
ਕਰਨੀ ਹੀ ਪਏਗੀ

ਅਜੇ ਤਾਂ ਮੈਂ
ਹਨੇਰੇ ਕਮਰੇ ਦੇ
ਸਰਦ ਬਿਸਤਰ ’ਤੇ ਪਿਆ
ਖਾਲੀ ਦੀਵਾਰ ਨੂੰ
ਦੇਖ ਰਿਹਾ ਹਾਂ
ਸਿੱਲ ਨਾਲ ਬਣੇ ਹੋਏ
ਕੁਝ ਆਕਾਰਾਂ ’ਚੋਂ
ਕੁਝ ਲੱਭਣ ਦਾ
ਯਤਨ ਕਰ ਰਿਹਾ ਹਾਂ

ਵੈਸੇ ਮੈਂ ਬੀਮਾਰ ਨਹੀਂ ਹਾਂ
ਜਦ ਵੀ ਮੈਨੂੰ
ਫੁਰਸਤ ਮਿਲੇਗੀ
ਮੈਂ ਤੈਨੂੰ ਜ਼ਰੂਰ ਮਿਲਣ ਆਵਾਂਗਾ

ਕਦੀ
ਆਪਣਾ ਇਹ ਸ਼ਹਿਰ
ਰੋਸ਼ਨੀਆਂ ਦਾ ਸ਼ਹਿਰ ਹੁੰਦਾ ਸੀ
ਜੇ ਤੂੰ ਭੁਲਿਆ ਨਾ ਹੋਵੇਂ
ਮਹਿਫਲਾਂ ਸਜਦੀਆਂ ਸਨ
ਹਰਮੋਨੀਅਮ ਵਜਦਾ ਸੀ
ਸਾਜਨ ਗ਼ਜ਼ਲਾਂ ਗਾਉਂਦਾ ਸੀ
ਇਹ ਸਭ ਤਾਂ
ਤੈਨੂੰ ਯਾਦ ਹੀ ਹੋਵੇਗਾ ਕਿ
ਇਸ ਸਭ ਤੋਂ ਪਹਿਲਾਂ
ਦਾਰੂ ਲਿਆਣ ਲਈ
ਪੈਸੇ ਇਕੱਠੇ ਕੀਤੇ ਜਾਂਦੇ
ਤੇ ਫਿਰ ਬਸ
ਮਸਤ ਮਲੰਗੀ ਹੁੰਦੀ ਸੀ

ਵੈਸੇ
ਇਹੋ ਜਿਹਾ ਸਮਾਂ
ਕਦੀ ਗੁਜ਼ਰਦਾ ਨਹੀਂ
ਮੈਂ ਤੈਨੂੰ
ਇਹ ਸਭ ਯਾਦ ਕਰਾਣ ਲਈ
ਮਿਲਣ ਜ਼ਰੂਰ ਆਵਾਂਗਾ
ਪਰ ਕਦੋਂ
ਇਹ ਪਤਾ ਨਹੀਂ
ਇੰਤਜ਼ਾਰ ਨਾ ਕਰੀਂ।

# ਜਾਨ ਤਲੀ ’ਤੇ

ਕੋਈ ਸਮਾਂ ਸੀ
ਅਸੀਂ ਉਸੇ ਦੀ ਤੋਰ ਵਿਚ
ਤੁਰਨਾ ਚਾਹੁੰਦੇ
ਪਰ ਹੁਣ
ਸਮੇਂ ਨੂੰ ਬਦਲਣਾ ਪਏਗਾ

ਸਮੇਂ ਦੀ ਮੰਗ ਹੈ
ਕੋਈ ਵੀ ਸ਼ਖਸ
ਸਿਰ ’ਤੇ ਸੂਰਜ ਲੈ ਕੇ
ਘੁੰਮਦਾ ਮਿਲੇ
ਕਿਸੇ ਨਾ ਕਿਸੇ ਮੁਕਾਬਲੇ ’ਚ
ਮਾਰਿਆ ਜਾਏ.....

ਵਕਤ ਹੀ
ਇਹੋ ਜਿਹਾ ਆ ਗਿਆ ਏ
ਇਨਸਾਨੀਅਤ
ਮਰ ਚੁੱਕੀ
ਜਾਨ ਤਲੀ ’ਤੇ ਰੱਖ ਕੇ
ਘੁੰਮ ਰਹੇ ਨੇ ਆਦਮੀ

ਪਤਾ ਨਹੀਂ ਕਿਉਂ
ਵਕਤ ਕਿਸੇ ਨੂੰ ਬਖਸ਼ਦਾ ਨਹੀਂ
ਹੁਣ ਤਾਂ ਸਾਹ ਲੈਂਦੇ ਵੇਲੇ ਵੀ
ਦੇਖਣਾ ਪੈਂਦਾ ਏ ਚਾਰੇ ਪਾਸੇ
ਕਿਤੇ ਇਹ
ਆਖਰੀ ਸਾਹ ਨਾ ਹੋਵੇ
ਇਸੇ ਚੱਕਰ ’ਚ
ਡੁਬ ਚੁੱਕੇ ਨੇ ਬੜੇ ਸੂਰਜ
ਬਾਕੀ ਰਹਿ ਗਏ ਨੇ

ਹਨੇਰੇ 'ਚ ਡੁੱਬੇ ਘਰ
ਛਾਤੀ ਪਿਟਦੀਆਂ ਮਾਵਾਂ
ਰੱਖੜੀ ਬੰਨ੍ਹਣ ਨੂੰ
ਤਰਸਦੀਆਂ ਭੈਣਾਂ
ਆਪਣੇ ਹੀ ਪੁੱਤਰਾਂ ਨੂੰ
ਅਗਨੀ ਭੇਟ ਕਰਦੇ ਬਾਪ

ਪਤਾ ਨਹੀਂ
ਇਹ ਵਕਤ ਦੀ ਮੰਗ ਹੈ
ਫਿਰ ਵੀ
ਲਗਦਾ ਹੈ ਕੱਟੜਵਾਦ
ਖਤਮ ਕਰਨਾ ਹੋਵੇਗਾ
ਬਦਲਣਾ ਪਏਗਾ ਵਕਤ
ਵਰਨਾ ਆਦਮੀ ਬੈਠਾ ਰੋਏਗਾ
ਮਾਸੂਮ ਇਨਸਾਨਾਂ ਨੂੰ
ਹਤਿਆਰਿਆਂ ਤੋਂ
ਬਚਾਣਾ ਹੋਏਗਾ
ਆਪਣਾ ਭਵਿੱਖ
ਬਨਾਣਾ ਹੋਏਗਾ।

❖

## ਚਲੋ ਦੇਖੀ ਜਾਏਗੀ

ਵਕਤ ਸੀ ਕਿ
ਠਹਿਰ ਗਿਆ ਸੀ
ਤੇ ਤੂੰ
ਚਲਦੀ ਰਹੀ ਸੀ
ਮੇਰੇ
ਅੰਗ ਸੰਗ

ਅਤਿ ਦੀ
ਗਰਮੀ ਸੀ
ਪਹਾੜਾਂ ਦੀ ਬਰਫ
ਪਿਘਲਦੀ
ਪੱਥਰਾਂ ਵਿਚੋਂ
ਪਾਣੀ ਬਣ
ਆਪਣੇ ਰਾਹ
ਬਣਾਂਦੀ ਹੋਈ
ਜਾ ਰਹੀ ਸੀ ਕਿਤੇ ਦੂਰ
ਤੇ ਆਪਾਂ ਦੋਵੇਂ
ਅਜੇ ਕਦਮ ਚੁੱਕਣ ਬਾਰੇ
ਸੋਚ ਰਹੇ ਸੀ

ਜਦ ਤਕ
ਬਰਫ ਦਾ
ਪਿਘਲਿਆ ਪਾਣੀ
ਨਦੀ ਬਣਨਾ
ਆਪਾਂ ਦੋਵੇਂ
ਚੰਨ ਤਾਰਿਆਂ ਨਾਲ
ਕਰਨ ਲੱਗ ਪਏ ਸੀ ਗੱਲਾਂ
ਕਿ ਕਿਵੇਂ
ਤਾਰੇ ਪੈਦਾ ਹੁੰਦਾ ਨੇ

ਜਾਂ ਸਮੁੰਦਰ 'ਚ
ਕਿਵੇਂ ਜਵਾਰ ਭਾਟਾ ਆਂਦੇ ਨੇ
ਜਾਂ ਫਿਰ
ਪਤਾ ਨਹੀਂ ਕਿਸ ਮਸਤੀ 'ਚ
ਇਹ ਪੰਛੀ
ਕਿਹੜੇ ਕਿਹੜੇ ਗੀਤ ਗਾਂਦੇ ਨੇ
ਚੰਨ ਸਿਰਫ਼ ਮੁਸਕਰਾਇਆ ਸੀ
ਤੇ ਤਾਰੇ
ਠਹਾਕਾ ਮਾਰ ਕੇ ਹੱਸੇ ਸਨ
ਕਿਸੇ ਇਕ ਨੇ ਕਿਹਾ
ਜ਼ਿੰਦਗੀ ਤਾਂ ਅਜੇ
ਸ਼ੁਰੂ ਹੀ ਹੋਈ ਏ
ਹੌਲੀ ਹੌਲੀ ਸੂਰਜ ਵੀ
ਕਾਲਾ ਦਿਸਣ
ਲੱਗ ਪਏਗਾ
ਪਰ ਅਜਿਹਾ ਹੋਇਆ ਨਹੀਂ ਸੀ

ਸਿਰਫ
ਬਦਲਵਾਈ ਹੋਈ ਸੀ
ਝੱਖੜ ਵੀ ਝੁੱਲਣ ਲਗਾ ਸੀ
ਪਰ
ਸਿਰਫ ਹਨੇਰੀ 'ਚ
ਬਦਲ ਗਿਆ
ਤੇ ਫਿਰ
ਹਲਕੇ ਹਵਾ ਦੇ ਬੁਲੇ
ਸਰੀਰ
ਥੱਪਥਪਾਣ ਲੱਗ ਪਏ
ਪਤਾ ਨਹੀਂ
ਜ਼ਿੰਦਗੀ ਕੀ ਸੀ

ਤੇ ਕਿਵੇਂ
ਹੋਈ ਸੀ ਸ਼ੁਰੂ
ਅਸੀਂ ਤਾਂ ਸਿਰਫ
ਵਕਤ ਦਾ
ਨਾਟਕ ਦੇਖਦੇ ਰਹੇ
ਪਰ
ਪਾਤਰ ਨਾ ਬਣ ਸਕੇ

ਕਈ ਵਾਰ
ਹੁਣ ਵੀ ਸੋਚਦਾ ਹਾਂ
ਪਹਾੜ ਤਾਂ ਸਾਰੇ
ਲੰਘ ਆਏ
ਤਾਰੇ ਵੀ ਸਾਰੇ
ਗਿਣ ਲਏ
ਹੁਣ ਕੀ ਕੀਤਾ ਜਾਏ
ਇਹ ਅਜੇ
ਸੋਚਣਾ ਹੈ
ਪਤਾ ਨਹੀਂ ਕਦੋਂ
ਜ਼ਿੰਦਗੀ 'ਚ ਅਜੇ ਕੋਈ
ਭੂਚਾਲ ਆਣਾ ਬਾਕੀ ਹੋਵੇ
ਚਲੋ
ਦੇਖੀ ਜਾਏਗੀ।

## ਲੰਮਾ ਸੁਪਨਾ

ਇਕ ਮਾਂ ਸੀ
ਵਿਚਾਰੀ
ਪਤਾ ਨਹੀਂ ਉਸ ਨੇ
ਆਪਣੇ
ਕਿਹੜੇ ਕਿਹੜੇ
ਸੁਪਨੇ ਸਜਾਏ ਹੋਣੇ ਨੇ
ਇਸ ਤੋਂ ਪਹਿਲਾਂ
ਕਿ ਕੋਈ ਸੁਪਨਾ
ਪੂਰਾ ਹੁੰਦਾ ਵੇਖਦੀ
ਉਹ ਚਲੀ ਗਈ ਸੀ
ਤੇ ਪੁੱਤ
ਆਪਣੇ ਵਕਤ ਨਾਲ ਲੜਦਾ
ਆਪਣੀ ਹੋਂਦ
ਬਚਾਂਦਾ ਰਿਹਾ ਤੇ ਫਿਰ
ਇਕ ਦਿਨ ਪਤਾ ਨਹੀਂ ਕਿਵੇਂ
ਉਸ ਨੂੰ ਲੱਗਾ ਕਿ
ਸ਼ਾਇਦ
ਮਾਂ ਦੇ ਸੁਪਨਿਆਂ 'ਚੋਂ
ਕੋਈ ਤਾਂ ਪੂਰਾ
ਹੋ ਗਿਆ ਹੋਏਗਾ
ਪਰ ਵਕਤ ਦਾ
ਗੇੜ ਸੀ ਕਿ
ਆਪਣੇ ਪਾਸ਼ੀ ਨੂੰ
ਪੂਰਾ ਪ੍ਰਕਾਸ਼ ਬਣਿਆ
ਨਹੀਂ ਸੀ ਦੇਖ ਸਕੀ
ਕੁਝ ਬਣ ਜਾਏ
ਉਸਦਾ ਪਾਸ਼
ਇਹ ਇਕ ਛੋਟਾ ਨਹੀਂ
ਬੜਾ ਵੱਡਾ ਤੇ



ਲੰਮਾ ਸੁਪਨਾ ਸੀ
ਮੇਰੀ ਮਾਂ ਦਾ

ਵਕਤ ਪਾਸਾ ਪਲਟਦਾ ਰਿਹਾ
ਤੇ ਮਾਂ ਚਲੀ ਗਈ
ਪਰ ਆਪਣੀ ਜਗ੍ਹਾ
ਹਰਚਰਨ ਛੱਡ ਗਈ

ਇਸ ਚਰਨ ਨੇ
ਮਾਂ ਦੀ ਛੱਡੀ ਗੱਲ
ਮਤਲਬ ਕਿ
ਸੁਪਨਾ ਸੱਚ ਕਰਨਾ
ਚਾਹੇ ਜੀਣਾ ਚਾਹੇ ਮਰਨਾ
ਲੈ ਲਿਆ ਫਿਰ ਆਪਣੇ ਸਿਰ
ਬਸ, ਸਫਰ ਜਾਰੀ ਹੈ

## ਗੱਲ ਕਰੀਏ

ਚੱਲ ਕੋਈ ਹੋਰ ਗੱਲ ਕਰੀਏ
ਗੱਲ ਕਰੀਏ ਕੁਝ ਫੁੱਲਾਂ ਦੀ
ਜਾਂ ਫਿਰ ਗੱਲਾਂ ਕਰੀਏ
ਜ਼ਿੰਦਗੀ 'ਚ ਕੀਤੀਆਂ ਭੁੱਲਾਂ ਦੀ

ਤੂੰ ਤਾਂ ਬੇਵਜ੍ਹਾ
ਵਿਦਰੋਹ ਦੀਆਂ ਗੱਲਾਂ ਕਰਦਾ ਏਂ
ਗੱਲਾਂ ਵੀ ਕਰਦਾ ਏਂ ਤੇ
ਮਰਨੋ ਵੀ ਡਰਦਾ ਏਂ

ਚੱਲ ਗੱਲ ਕਰੀਏ
ਆਪਣੇ ਅਤੇ ਗੈਰਾਂ ਦੀ
ਜਾਂ ਢੋਲ ਦੀ ਥਾਪ 'ਤੇ
ਥਿਰਕਦੇ ਪੈਰਾਂ ਦੀ
ਜਾਂ ਗੱਲ ਕਰੀਏ
ਵੈਸਾਖੀ ਜਿਹੇ ਤਿਉਹਾਰਾਂ ਦੀ
ਗੱਲ ਕਰੀਏ ਦਿਲ ਖੋਲ੍ਹ ਕੇ
ਆਪਸ 'ਚ ਕੱਢੀਆਂ ਗਾਲ੍ਹਾਂ ਦੀ
ਜਾਂ ਕਸ਼ਮਕਸ਼ 'ਚ ਗੁਜ਼ਰੇ ਸਾਲਾਂ ਦੀ
ਤੂੰ ਮੈਨੂੰ ਕੁਝ ਅਫ਼ਸਾਨੇ ਸੁਣਾਵੇਂ
ਜ਼ਿੰਦਗੀ ਜੀਣ ਦੇ ਬਹਾਨੇ ਸਿਖਾਵੇਂ

ਸੱਜਣਾ, ਇਹ ਤਾਂ ਦੱਸ
ਜਿਨ੍ਹਾਂ ਖੇਤਾਂ 'ਚੋਂ
ਲੰਘ ਕੇ ਆਇਆਂ ਏਂ ਤੂੰ
ਉਨ੍ਹਾਂ ਖੇਤਾਂ ਦੀ ਮਹਿਕ ਕਿਹੋ ਜਿਹੀ ਏ
ਜਿਹੜੇ ਰੁੱਖਾਂ ਦੀਆਂ ਜੀਰਾਦਾਂ 'ਚੋਂ
ਹੋ ਕੇ ਆਇਆ ਏਂ ਤੂੰ
ਉਥੋਂ ਦੇ ਪੰਛੀਆਂ ਦੀ ਚਹਿਕ

ਕਿਹੋ ਜਿਹੀ ਹੁੰਦੀ ਏ
ਉਥੋਂ ਗੁਜ਼ਰਨ ਵਾਲੀ
ਹਵਾ ਦੀ ਆਵਾਜ਼ ਕਿਵੇਂ ਹੁੰਦੀ ਏ
ਦਿਨ ਚੜ੍ਹਨ 'ਤੇ ਲੋਕਾਂ ਦਾ
ਆਗਾਜ਼ ਕਿਵੇਂ ਹੁੰਦੀ ਏ

ਜੇ ਤੈਨੂੰ ਬੱਚਿਆਂ ਦੀਆਂ
ਕਿਲਕਾਰੀਆਂ ਦੀ ਗੱਲ
ਨਹੀਂ ਕਰਨੀ ਆਉਂਦੀ
ਜੇ ਤੈਨੂੰ ਮੁਟਿਆਰਾਂ 'ਤੇ ਲਈਆਂ
ਫੁੱਲਕਾਰੀਆਂ ਦੀ ਗੱਲ
ਕਰਨੀ ਨਹੀਂ ਆਉਂਦੀ
ਤਾਂ ਫੇਰ ਮੇਰੇ ਕੋਲ
ਨਾ ਆਇਆ ਕਰ
ਐਵੇਂ ਵਿਦਰੋਹ ਦੀ ਗੱਲ ਕਰਨ
ਨਾ ਸਤਾਇਆ ਕਰ
ਬੜੀ ਮੁਸ਼ਕਲ ਨਾਲ
ਆਪਣਾ ਦਿਲ ਟਿਕਾਇਆ ਏ
ਮਸਾਂ ਤਾਂ ਸੁੱਖ ਦਾ ਸਾਹ ਆਇਆ ਏ।

## ਬਾਬਲਾ ਵੇ

ਬਾਬਲਾ ਵੇ
ਹੁਣ ਇਹ ਚਿੜੀਆਂ ਦੇ ਚੰਬੇ
ਉਡਣੇ ਨਹੀਂ
ਕਿਉਂਕਿ
ਲੰਮੀਆਂ ਉਡਾਰੀਆਂ ਦੇ ਖੰਭ
ਨਿਕਲਣ ਹੀ ਨਹੀਂ
ਦਿੱਤੇ ਜਾਂਦੇ।

ਬਾਬਲਾ ਵੇ
ਹੁਣ ਤੂੰ ਕਦੀ ਵੀ ਨਹੀਂ ਕਹੇਂਗਾ
'ਧੀਏ ਘਰ ਜਾ ਆਪਣੇ'
ਘਰ ਤਾਂ ਧੀ ਦਾ ਕੋਈ ਹੁੰਦਾ ਹੀ ਨਹੀਂ
ਇਹ ਤਾਂ ਇਸ ਘਰ ਵੀ
ਪਰਾਈ
ਤੇ ਅਗਲੇ ਘਰ ਵੀ।

ਪਤਾ ਨਹੀਂ ਤੇਰੇ ਵਿਹੜੇ ਵਿਚ
ਸਿਰਫ ਪੋਤਰੀਆਂ ਹੀ ਕਿਉਂ
ਦੋਹਤਰੀਆਂ ਕਿਉਂ ਨਹੀਂ
ਜੇ ਚਿੜੀਆਂ ਹੀ ਨਾ ਹੋਈਆਂ
ਤਾਂ
ਪੋਤਰੀਆਂ ਕਿਵੇਂ ਖੇਡਣਗੀਆਂ।
ਬਾਕੀ ਦੁਨੀਆਂ ਵੀ ਤਾਂ
ਤੇਰੇ ਵਾਂਗ ਹੀ ਸੋਚਦੀ ਏ।

ਪਤਾ ਨਹੀਂ ਕਿਉਂ
ਧੀਆਂ ਨੂੰ ਘਰੋਂ ਤੋਰਨ ਖਾਤਰ
ਦਰਾਂ ਦੀਆਂ ਇੱਟਾਂ ਕਢਵਾਣ ਲਈ
ਰਹਿੰਦਾ ਏ ਤਿਆਰ ਬਾਬਲ

ਕੁਝ ਔਰਤਾਂ
ਪਤਾ ਨਹੀਂ ਕਿਹੋ ਜਿਹੀਆਂ
ਮਾਵਾਂ ਬਣ ਜਾਂਦੀਆਂ ਨੇ
ਆਪਣੀ ਕੁੱਖ ਦਾ ਕਤਲ
ਕਰਨ ਲਈ
ਕਿਵੇਂ ਤਿਆਰ ਹੋ ਜਾਂਦੀਆਂ ਨੇ
ਇਹ ਜਾਣਦਿਆਂ ਵੀ
ਕਿ
ਮੇਰੀ ਬੇਟੀ ਕਲ੍ਹ ਨੂੰ
ਜਵਾਨ ਹੋਵੇਗੀ
ਤੇ ਇਹ ਵੀ ਇਕ ਦਿਨ
ਇਕ ਬੱਚਾ ਜੰਮੇਗੀ
ਇਹ ਮਾਂ ਬਣੇਗੀ।

ਪਤਾ ਨਹੀਂ ਕਿਉਂ
ਗਰਭ ਗਿਰਾਇਆ ਜਾਂਦਾ ਹੈ
ਇਕ ਚੀਕ
ਇਹ ਕਿਲਕਾਰੀ
ਨਿਕਲਣ ਤੋਂ ਪਹਿਲਾਂ ਹੀ
ਦਬੀ ਜਾਂਦੀ ਹੈ
ਘੁੱਟੀ ਜਾਂਦੀ ਹੈ
ਪਤਾ ਨਹੀਂ ਕਿਸ ਦੀ
ਬੇਬਸੀ ਹੈ
ਲਾਚਾਰੀ ਹੈ
ਸਦੀਆਂ ਤੋਂ ਚਲੀ ਆਂਦੀ
ਬੀਮਾਰੀ ਹੈ।

ਪਤਾ ਨਹੀਂ ਕਿਉਂ
ਵਕਤ ਪਾਸਾ ਨਹੀਂ
ਪਰਤਦਾ

ਪਤਾ ਨਹੀਂ ਕਿਉਂ
ਭਗਵਾਨ ਵੀ
ਆਪਣੀ ਸ਼ਕਤੀ ਨਹੀਂ ਵਰਤਦਾ

ਪਤਾ ਨਹੀਂ ਕਿਉਂ
ਕੁੜੀਆਂ ਨੂੰ ਹੀ
ਕਿਹਾ ਜਾਂਦਾ ਹੈ
ਮਰਜਾਣੀਆਂ
ਜਦਕਿ ਇਹ ਬਚਪਨ ਤੋਂ ਹੀ
ਹੁੰਦੀਆਂ ਨੇ ਸੁਆਣੀਆਂ
ਘਰ ਤਾਂ ਘਰ ਵਾਲੀ ਨਾਲ ਹੀ ਹੁੰਦਾ ਹੈ
ਬਾਕੀ...?
ਬਾਕੀ ਤਾ ਕੁਝ ਵੀ ਨਹੀਂ ਹੁੰਦਾ

ਚਿੜੀਆਂ ਦਾ ਚੰਬਾ
ਉਡ ਜਾਂਦਾ ਏ
ਤੇ ਪਿੱਛੇ ਰਹਿ ਜਾਂਦੀ ਏ
ਵਿਗੜੀ ਔਲਾਦ
ਜੋ ਕਰਦੀ ਏ
ਆਪਣੇ ਪਿਉ ਦੀ
ਇਜ਼ਤ ਬਰਬਾਦ
ਪਿਉ ਸਹਿੰਦਾ ਏ
ਸਭ ਕੁਝ
ਕਿਉਂਕਿ
ਉਹ ਉਸਦਾ ਮੁੰਡਾ ਏ
ਹੋਇਆ ਕੀ ਜੇ ਉਹ
ਦਸ ਨੰਬੀਆ ਜਾਂ
ਗੁੰਡਾ ਏ

ਕਈ ਵਾਰ ਤਾਂ
ਇੰਜ ਵੀ ਹੋਇਆ ਹੈ
ਇਸ਼ਤਿਹਾਰ ਦੇਂਦਿਆਂ
ਪਿਉ ਵੀ ਰੋਇਆ ਹੈ
ਉਹ ਅਖਬਾਰਾਂ 'ਚ
ਢੰਡੋਰਾ ਪਿਟਦਾ ਹੈ
ਮੁੰਡਾ ਮੇਰੇ ਕਹਿਣੇ 'ਚ ਨਹੀਂ
ਮੇਰਾ ਇਸ ਨਾਲ
ਕੋਈ ਨਹੀਂ ਹੈ ਵਾਸਤਾ।
ਆਪਣੀਆਂ ਬੇਬਸੀਆਂ
ਲੋਕਾਂ ਅੱਗੇ ਸੁਟਦਾ ਹੈ
ਇਸੇ ਹੀ ਮੁੰਡੇ ਦੇ ਜੰਮਣ 'ਤੇ
ਤੰਬੂ ਕਨਾਤਾਂ ਗੱਡੇ ਸਨ
ਸਾਰੇ ਘਰ ਦੇ ਨੱਚੇ ਸਨ
ਜਦ ਢੋਲ ਨਗਾਰੇ ਵਜੇ ਸਨ।

ਚਿੜੀਆਂ ਦੇਖਦੀਆਂ ਹਨ
ਆਪਣੇ ਬਾਪ ਨੂੰ
ਆਪਣੇ ਸਿਰ ਉੱਪਰ
ਲਈ ਸਰਾਪ ਨੂੰ
ਪਰ ਉਹ ਕੁਝ ਨਹੀਂ ਕਹਿੰਦੀਆਂ
ਸਾਰਾ ਕੁਝ ਹਨ ਉਹ
ਚੁੱਪ ਚਾਪ ਸਹਿੰਦੀਆਂ

ਇਹ ਸਿਲਸਿਲਾ
ਚਲਦਾ ਰਹਿੰਦਾ ਹੈ
ਹਰ ਦੌਰ 'ਚ
ਹਰ ਕੋਈ ਇਹੋ ਹੀ ਕਹਿੰਦਾ ਹੈ
ਇਕ ਇੱਟ ਪੁੱਟ ਦੇਵਾਂ
ਧੀਏ ਘਰ ਜਾ ਆਪਣੇ।

**-ਸਮਾਪਤ-**